ਵੀਰਵਾਰ, 30 ਅਪ੍ਰੈਲ, 2026
17 ਵਿਸਾਖ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 329

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 30 APRIL, 2026 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

## ਭਾਜਪਾ ਪੱਛਮੀ ਬੰਗਾਲ 'ਚ ਗੇੜਾ ਕਰ ਗਈ !

### ਤਾਮਿਲਨਾਡੂ 'ਚ ਡੀ ਐੱਮ ਕੇ ਗੱਠਜੋੜ ਤੇ ਕੇਰਲਾ 'ਚ ਕਾਂਗਰਸ ਗੱਠਜੋੜ ਅੱਗੇ, ਆਸਾਮ ਤੇ ਪੁੱਡੂਚੇਰੀ 'ਚ ਐੱਨ ਡੀ ਏ ਨੂੰ ਲੀਡ

ਨਵੀਂ ਦਿੱਲੀ : ਕੇਂਦਰੀ ਬਲਾਂ ਦੀ ਅੰਨ੍ਹੀ ਸਖਤੀ ਦਰਮਿਆਨ ਪੱਛਮੀ ਬੰਗਾਲ ਵਿੱਚ ਵੋਟਾਂ ਦਾ ਕੰਮ ਬੁੱਧਵਾਰ ਮੁੱਕਣ ਤੋਂ ਬਾਅਦ ਆਏ ਐਗਜ਼ਿਟ ਪੋਲਾਂ ਵਿੱਚ ਛੇ ਵਿੱਚੋਂ ਪੰਜ 'ਚ ਭਾਜਪਾ ਦੀ ਸਰਕਾਰ ਬਣਨ ਦੀ ਭਵਿੱਖਬਾਣੀ ਕੀਤੀ ਗਈ ਹੈ। ਸਿਰਫ ਪੀਪਲਜ਼ ਪਲਸ ਨੇ ਹੀ ਮਮਤਾ ਬੈਨਰਜੀ ਦੀ ਟੀ ਐੱਮ ਸੀ ਨੂੰ 294 ਵਿੱਚੋਂ 177-187 ਸੀਟਾਂ ਅਤੇ ਭਾਜਪਾ ਨੂੰ 95-110 ਸੀਟਾਂ ਦਿੱਤੀਆਂ ਹਨ। ਆਸਾਮ ਵਿੱਚ ਲਗਭਗ ਸਾਰੇ ਪੋਲਾਂ ਵਿੱਚ ਭਾਜਪਾ ਦੀ ਤੀਜੀ ਵਾਰ ਸਰਕਾਰ ਬਣਾਈ ਗਈ ਹੈ। ਕੇਰਲਾ ਵਿੱਚ ਕਾਂਗਰਸ ਦੇ ਗੱਠਜੋੜ ਯੂ ਡੀ ਐੱਫ ਨੂੰ ਥੋੜ੍ਹਾ ਅੱਗੇ ਦਿਖਾਇਆ ਗਿਆ ਹੈ। ਪੀਪਲਜ਼ ਪਲਸ ਤੇ ਮੈਟ੍ਰੀਜ਼ ਨੇ ਤਾਮਿਲਨਾਡੂ ਵਿੱਚ ਡੀ ਐੱਮ ਕੇ ਦੀ ਅਗਵਾਈ ਵਾਲੇ ਗੱਠਜੋੜ ਨੂੰ ਲਗਾਤਾਰ ਦੂਜੀ ਵਾਰ ਜਿਤਾਇਆ ਹੈ। ਇਨ੍ਹਾਂ ਨੇ ਉਸ ਨੂੰ 234 ਵਿੱਚੋਂ 122 ਤੋਂ 145 ਸੀਟਾਂ ਦਿੱਤੀਆਂ ਹਨ। ਅੰਨਾ ਡੀ ਐੱਮ ਕੇ ਤੇ ਭਾਜਪਾ ਦੇ ਗੱਠਜੋੜ ਨੂੰ 65 ਤੋਂ 110 ਸੀਟਾਂ ਦਿੱਤੀਆਂ ਹਨ। ਕੇਂਦਰ ਸ਼ਾਸਤ ਪ੍ਰਦੇਸ਼ ਪੁੱਡੂਚੇਰੀ ਦੀ 30 ਮੈਂਬਰੀ ਅਸੈਂਬਲੀ ਲਈ ਪੀਪਲਜ਼ ਪਲਸ ਤੇ ਐਕਸਿਸ ਮਾਇ ਇੰਡੀਆ ਨੇ 16-20 ਸੀਟਾਂ ਨਾਲ ਮੁੜ ਐੱਨ ਡੀ ਏ ਨੂੰ ਜਿਤਾਇਆ ਹੈ।

ਪੱਛਮੀ ਬੰਗਾਲ ਅਸੈਂਬਲੀ ਚੋਣਾਂ ਦੇ ਦੂਜੇ ਤੇ ਆਖਰੀ ਗੇੜ ਵਿੱਚ ਬੁੱਧਵਾਰ 142 ਸੀਟਾਂ ਲਈ ਸ਼ਾਮ 5 ਵਜੇ ਤੱਕ, 89.99 ਫੀਸਦੀ ਵੋਟਿੰਗ ਦਰਜ ਕੀਤੀ ਗਈ। ਬੂਥਾਂ ਦੇ ਅੰਦਰ ਆ ਚੁੱਕੇ ਵੋਟਰਾਂ ਨੇ ਵੋਟਾਂ ਭੁਗਤਾਉਣੀਆਂ ਸਨ। ਪਹਿਲੇ ਗੇੜ ਵਿੱਚ 23 ਅਪ੍ਰੈਲ ਨੂੰ 152 ਸੀਟਾਂ ਲਈ ਰਿਕਾਰਡ 93 ਫੀਸਦੀ ਵੋਟਿੰਗ ਹੋਈ ਸੀ। ਪੱਛਮੀ ਬੰਗਾਲ ਦੇ ਨਤੀਜੇ ਵੀ ਤਾਮਿਲਨਾਡੂ, ਕੇਰਲਾ, ਆਸਾਮ ਤੇ ਪੁੱਡੂਚੇਰੀ ਦੇ ਨਾਲ ਹੀ 4 ਮਈ ਨੂੰ ਐਲਾਨੇ ਜਾਣਗੇ।

ਇਸ ਦੌਰਾਨ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੀ ਆਰ ਪੀ ਐੱਫ 'ਤੇ ਟੀ ਐੱਮ ਸੀ ਸਮਰਥਕਾਂ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ। ਕੋਲਕਾਤਾ ਵਿੱਚ ਮਮਤਾ ਬੈਨਰਜੀ ਨੇ ਕਿਹਾ, 'ਸੀ ਆਰ ਪੀ ਐੱਫ ਨੇ ਸਾਰੇ ਬੂਥਾਂ 'ਤੇ ਕਬਜ਼ਾ ਕਰ ਲਿਆ। ਬੰਗਾਲ ਪੁਲਸ ਕਿਤੇ ਵੀ ਦਿਖਾਈ ਨਹੀਂ ਦੇ ਰਹੀ। ਸੀ ਆਰ ਪੀ ਐੱਫ ਨੇ ਸਾਡੇ ਬਹੁਤ ਸਾਰੇ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ। ਵੋਟਰਾਂ ਅਤੇ ਕੇਂਦਰੀ ਨਿਰੀਖਕਾਂ ਨੂੰ ਵੀ ਮਾਰਿਆ ਗਿਆ। ਔਰਤਾਂ ਅਤੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਉਨ੍ਹਾਂ ਨੂੰ ਸਰਹੱਦ ਦੀ ਰੱਖਿਆ ਕਰਨੀ ਚਾਹੀਦੀ ਹੈ, ਪਰ ਉਹ ਇੱਕ ਪਾਰਟੀ ਦੀ ਰੱਖਿਆ ਕਰ ਰਹੇ ਹਨ।' ਟੀ ਐੱਮ ਸੀ ਨੇ ਦੋਸ਼ ਲਗਾਇਆ ਕਿ ਹਾਵੜਾ ਦੇ ਉਦੇਨਾਰਾਇਣਪੁਰ ਵਿੱਚ ਸੀ ਆਰ ਪੀ ਐੱਫ ਦੇ ਹਮਲੇ ਤੋਂ ਬਾਅਦ ਇੱਕ ਬਜ਼ੁਰਗ ਵਿਅਕਤੀ ਦੀ ਮੌਤ ਹੋ ਗਈ। ਟੀ ਐੱਮ ਸੀ ਦੇ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਨੇ ਦਾਅਵਾ ਕੀਤਾ ਕਿ ਬਜ਼ੁਰਗ ਵਿਅਕਤੀ ਆਪਣੇ ਪੁੱਤਰ ਨਾਲ ਵੋਟ ਪਾਉਣ ਗਿਆ ਸੀ। ਕੇਂਦਰੀ ਬਲਾਂ ਨੇ ਉਨ੍ਹਾਂ ਨੂੰ ਧੱਕਾ ਮਾਰਿਆ ਅਤੇ ਹਮਲਾ ਕੀਤਾ। ਬਜ਼ੁਰਗ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

## ਘੱਟੋ-ਘੱਟ ਉਜਰਤ 26 ਹਜ਼ਾਰ ਕਰਵਾਉਣ ਲਈ ਏਟਕ ਵੱਲੋਂ 19 ਨੂੰ ਮੋਹਾਲੀ 'ਚ ਰੈਲੀ : ਬਰਾੜ, ਧਾਲੀਵਾਲ




ਪਟਿਆਲਾ : ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਏਟਕ ਵੱਲੋਂ 19 ਮਈ ਨੂੰ ਮੁਹਾਲੀ ਵਿਖੇ ਕਿਰਤ ਕਮਿਸ਼ਨਰ ਦੇ ਦਫਤਰ ਕਿਰਤ ਭਵਨ ਦੇ ਸਾਹਮਣੇ ਘੱਟੋ-ਘੱਟ ਉਜਰਤ 26000/- ਰੁਪਏ ਪ੍ਰਤੀ ਮਹੀਨਾ ਕਰਨ, 29 ਕਿਰਤ ਕਾਨੂੰਨ ਖਤਮ ਕਰਕੇ ਬਣਾਏ ਗਏ 4 ਲੇਬਰ ਕੋਡਜ਼ ਨੂੰ ਪੰਜਾਬ ਵਿੱਚ ਲਾਗੂ ਨਾ ਕਰਨ ਅਤੇ ਉਸਾਰੀ ਕਿਰਤੀਆਂ ਦੀ ਖੱਜਲ-ਖੁਆਰੀ ਅਤੇ ਭ੍ਰਿਸ਼ਟਾਚਾਰੀ ਤੌਰ-ਤਰੀਕੇ ਖਤਮ ਕਰਵਾਉਣ ਦੀਆਂ ਮੰਗਾਂ ਨੂੰ ਲੈ ਕੇ ਹਜ਼ਾਰਾਂ ਦੀ ਗਿਣਤੀ ਵਿੱਚ

• ਬਾਕੀ ਸਫਾ 2 'ਤੇ

## ਪ੍ਰਸ਼ਾਸਨ ਵੱਲੋਂ ਟਰੇਡ ਯੂਨੀਅਨਾਂ ਨਾਲ ਵਿਚਾਰ-ਵਟਾਂਦਰਾ



ਲੁਧਿਆਣਾ : ਨੋਇਡਾ ਅਤੇ ਮਾਨੇਸਰ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਪੁਲਸ ਪ੍ਰਸ਼ਾਸਨ ਵੱਲੋਂ ਟਰੇਡ ਯੂਨੀਅਨ ਆਗੂਆਂ ਦੀ ਮੀਟਿੰਗ ਸੱਦੀ ਗਈ, ਜਿਸ ਵਿੱਚ ਡਿਪਟੀ ਕਮਿਸ਼ਨਰ ਪੁਲਸ ਰੂਰਲ ਜਸਕਿਰਨਜੀਤ ਸਿੰਘ ਤੇਜਾ ਅਤੇ ਯੂਨਾਈਟਿਡ ਫਰੰਟ ਆਫ ਟਰੇਡ ਯੂਨੀਅਨਾਂ ਵੱਲੋਂ ਇੰਟਕ, ਏਟਕ, ਸੀਟੂ, ਸੀ ਟੀ ਯੂ ਪੰਜਾਬ ਅਤੇ ਐਕਟੂ ਦੇ ਲੀਡਰਾਂ ਨੇ ਹਿੱਸਾ ਲਿਆ। ਇਸ

• ਬਾਕੀ ਸਫਾ 2 'ਤੇ

## ਭਗਵੰਤ ਮਾਨ 5 ਮਈ ਤੋਂ ਸ਼ੁਕਰਾਨਾ ਯਾਤਰਾ 'ਤੇ

ਚੰਡੀਗੜ੍ਹ : ਜਾਗਤ ਜੋਤਿ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ ਐਕਟ-2026 ਲਾਗੂ ਹੋਣ ਦੇ ਸ਼ੁਕਰਾਨੇ ਵਜੋਂ ਮੁੱਖ ਮੰਤਰੀ ਭਗਵੰਤ ਮਾਨ 5 ਮਈ ਤੋਂ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਕਰਾਨਾ ਯਾਤਰਾ ਸ਼ੁਰੂ ਕਰਨਗੇ। ਪੰਜ ਮਈ ਨੂੰ ਤਖਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਉਸੇ ਦਿਨ ਮੁੱਖ ਮੰਤਰੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮੱਥਾ ਟੇਕਣਗੇ। ਛੇ ਮਈ ਨੂੰ ਅੰਮ੍ਰਿਤਸਰ ਤੋਂ ਚੱਲ ਕੇ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਪੁੱਜਣਗੇ।

ਸੱਤ ਮਈ ਨੂੰ ਦਮਦਮਾ ਸਾਹਿਬ ਤੋਂ ਰਵਾਨਾ ਹੋ ਕੇ ਯਾਤਰਾ ਮਸਤੂਆਣਾ ਸਾਹਿਬ ਪਹੁੰਚੇਗੀ। 8 ਮਈ ਨੂੰ ਯਾਤਰਾ ਦਾ ਪੜਾਅ ਪਟਿਆਲਾ ਵਿਖੇ ਹੋਵੇਗਾ, ਜਿੱਥੇ ਮੁੱਖ ਮੰਤਰੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਣਗੇ। ਇਸ ਯਾਤਰਾ ਦਾ ਮੁੱਖ ਉਦੇਸ਼ ਬੇਅਦਬੀ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਚੁੱਕੇ ਗਏ ਇਤਿਹਾਸਕ ਕਦਮ ਲਈ ਗੁਰੂ ਸਾਹਿਬ ਦਾ ਓਟ-ਆਸਰਾ ਲੈਣਾ ਹੈ। ਯਾਤਰਾ ਦੇ ਰਸਤੇ ਵਿੱਚ ਪੈਂਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੁੱਖ ਮੰਤਰੀ ਸੰਗਤਾਂ ਦੇ ਰੂ-ਬ-ਰੂ ਵੀ ਹੋਣਗੇ ਅਤੇ ਉਨ੍ਹਾਂ ਨਾਲ ਵਿਚਾਰ ਸਾਂਝੇ ਕਰਨਗੇ।

## ਰਾਸ਼ਟਰਪਤੀ ਨੇ 5 ਨੂੰ ਸੱਦਿਆ

ਨਵੀਂ ਦਿੱਲੀ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ 5 ਮਈ ਨੂੰ ਮੁਲਾਕਾਤ ਦਾ ਸਮਾਂ ਦਿੱਤਾ ਹੈ। ਮੁੱਖ ਮੰਤਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੁਲਾਕਾਤ ਦੁਪਹਿਰ 12 ਵਜੇ ਹੋਵੇਗੀ। ਆਮ ਆਦਮੀ ਪਾਰਟੀ ਦੇ 7 ਰਾਜ ਮੈਂਬਰਾਂ ਵੱਲੋਂ ਭਾਜਪਾ ਦਾ ਪੱਲਾ ਫੜਨ ਤੋਂ ਬਾਅਦ ਮੁੱਖ ਮੰਤਰੀ ਨੇ ਪਾਰਟੀ ਵਿਧਾਇਕਾਂ ਸਣੇ ਰਾਸ਼ਟਰਪਤੀ ਤੋਂ ਮੁਲਾਕਾਤ ਦਾ ਸਮਾਂ ਮੰਗਿਆ ਸੀ ਤਾਂ ਜੋ ਉਨ੍ਹਾਂ ਰਾਜ ਸਭਾ ਮੈਂਬਰਾਂ ਦੀ ਮੈਂਬਰੀ ਰੱਦ ਕਰਨ ਦੀ ਮੰਗ ਕੀਤੀ ਜਾ ਸਕੇ।

## ਪਹਿਲਵਾਨ ਪ੍ਰੀਤਪਾਲ 'ਆਪ' 'ਚ ਸ਼ਾਮਲ



ਚੰਡੀਗੜ੍ਹ, (ਗੁਰਜੀਤ ਬਿੱਲਾ)-ਰੁਸਤਮ-ਏ-ਹਿੰਦ ਤੇ ਹਿੰਦ ਕੇਸਰੀ ਵਰਗੇ ਵੱਡੇ ਖ਼ਿਤਾਬ ਆਪਣੇ ਨਾਂਅ ਕਰ ਚੁੱਕੇ ਪਹਿਲਵਾਨ ਪ੍ਰੀਤਪਾਲ ਸਿੰਘ ਦੇ ਆਉਣ ਨਾਲ ਪਾਰਟੀ ਨੂੰ ਨਾ ਸਿਰਫ਼ ਖੇਡ ਜਗਤ ਵਿੱਚ, ਸਗੋਂ ਦੋਆਬਾ ਖੇਤਰ ਵਿੱਚ ਵੀ ਵੱਡੀ ਮਜ਼ਬੂਤੀ ਮਿਲੀ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰੀਤਪਾਲ ਸਿੰਘ ਦਾ ਸਵਾਗਤ ਕਰਦਿਆਂ ਕਿਹਾ ਕਿ ਖਿਡਾਰੀਆਂ ਤੇ ਨੌਜਵਾਨਾਂ ਦਾ ਪਾਰਟੀ 'ਤੇ ਇਹ ਵਧਦਾ ਭਰੋਸਾ ਦਰਸਾਉਂਦਾ ਹੈ ਕਿ ਪੰਜਾਬ ਬਦਲਾਅ ਦੀ ਰਾਹ 'ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਉਨ੍ਹਾ ਕਿਹਾ ਕਿ ਪ੍ਰੀਤਪਾਲ ਸਿੰਘ ਵਰਗੇ ਜ਼ਮੀਨ ਨਾਲ ਜੁੜੇ ਖਿਡਾਰੀਆਂ ਦੇ ਆਉਣ ਨਾਲ ਪਾਰਟੀ ਦੀਆਂ ਜੜ੍ਹਾਂ ਹੋਰ ਡੂੰਘੀਆਂ ਹੋਣਗੀਆਂ।

## ਆਸਟ੍ਰੇਲੀਆ ਤੋਂ 11 ਪੰਜਾਬੀ ਡਿਪੋਰਟ

ਚੰਡੀਗੜ੍ਹ : ਆਸਟ੍ਰੇਲੀਆ ਨੇ ਭਾਰਤ ਦੇ 15 ਨੌਜਵਾਨਾਂ ਨੂੰ ਡਿਪੋਰਟ ਕਰ ਦਿੱਤਾ ਹੈ, ਜੋ ਕਿ 29 ਅਪਰੈਲ ਦੀ ਰਾਤ ਤੱਕ ਦਿੱਲੀ ਹਵਾਈ ਅੱਡੇ 'ਤੇ ਪਹੁੰਚ ਜਾਣੇ ਸਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਨ੍ਹਾਂ ਨੌਜਵਾਨਾਂ ਵਿੱਚ ਪੰਜਾਬ ਦੇ 11, ਤੇਲੰਗਾਨਾ ਦੇ 2, ਹਰਿਆਣਾ ਤੇ ਉਤਰਾਖੰਡ ਦਾ 1-1 ਸ਼ਾਮਲ ਹਨ। ਪੰਜਾਬ ਦੀ ਇੱਕ ਕੁੜੀ ਵੀ ਹੈ। ਇਨ੍ਹਾਂ ਨੂੰ ਦਿੱਲੀ ਹਵਾਈ ਅੱਡੇ 'ਤੇ ਪੰਜਾਬ ਦੇ ਅਧਿਕਾਰੀਆਂ ਨੂੰ ਸੌਂਪਿਆ ਜਾਵੇਗਾ। ਉਨ੍ਹਾ ਕਿਹਾ ਕਿ ਮੁਢਲੀ ਜਾਣਕਾਰੀ ਅਨੁਸਾਰ ਡਿਪੋਰਟ ਕੀਤੇ ਜਾਣ ਵਾਲੇ ਨੌਜਵਾਨਾਂ ਨੇ ਕੁਝ ਗੈਰ-ਕਾਨੂੰਨੀ ਕੰਮ ਕੀਤੇ ਹਨ। ਪੰਜਾਬ ਆਉਣ 'ਤੇ ਡਿਪੋਰਟ ਕੀਤੇ ਜਾਣ ਦੇ ਕਾਰਨਾਂ ਬਾਰੇ ਪੁੱਛਿਆ ਜਾਵੇਗਾ।

## ਟਰੰਪ ਨੇ ਅਸਾਲਟ ਚੁੱਕ ਕੇ ਈਰਾਨ ਨੂੰ ਧਮਕਾਇਆ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਚੇਤਾਵਨੀ ਦਿੰਦੇ ਹੋਏ ਟਰੂਥ ਸੋਸ਼ਲ 'ਤੇ ਪੋਸਟ ਕੀਤਾ, 'ਈਰਾਨੀਆਂ ਨੂੰ ਸਮਝ ਨਹੀਂ ਆ ਰਿਹਾ ਕਿ ਗੈਰ-ਪ੍ਰਮਾਣੂ ਸਮਝੌਤੇ 'ਤੇ ਦਸਤਖਤ ਕਿਵੇਂ ਕਰਨੇ ਹਨ। ਉਨ੍ਹਾਂ ਨੂੰ ਜਲਦੀ ਹੀ ਸਮਝਦਾਰ ਬਣਨਾ ਚਾਹੀਦਾ ਹੈ!' ਉਸ ਨੇ ਕਿਹਾ ਕਿ ਜੇ ਈਰਾਨ ਆਪਣੇ ਪ੍ਰਮਾਣੂ ਪ੍ਰੋਗਰਾਮ ਬਾਰੇ ਜਲਦੀ ਹੀ ਕੋਈ ਕੂਟਨੀਤਕ ਹੱਲ ਨਹੀਂ ਕੱਢਦਾ ਤਾਂ ਅਮਰੀਕਾ ਸਖਤ ਰੁਖ਼ ਅਪਣਾਏਗਾ। ਪੋਸਟ ਵਿੱਚ ਟਰੰਪ ਨੇ ਆਪਣੀ ਇੱਕ ਤਸਵੀਰ ਪੋਸਟ ਕੀਤੀ, ਜਿਸ ਵਿੱਚ ਉਸ ਨੇ ਇੱਕ ਅਸਾਲਟ ਰਾਈਫਲ ਫੜੀ ਹੋਈ ਹੈ ਅਤੇ 'ਨੋ ਮੋਰ ਮਿਸਟਰ ਨਾਈਸ ਗਾਈ' ਦਾ ਨਾਅਰਾ ਲਿਖਿਆ ਹੋਇਆ ਹੈ। ਟਰੰਪ ਦੀ ਇਹ ਪੋਸਟ ਸੰਭਾਵੀ ਤੌਰ 'ਤੇ ਵਧੇਰੇ ਹਮਲਾਵਰ ਨੀਤੀ ਦਾ ਸੰਕੇਤ ਦਿੰਦੀ ਹੈ। ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਵਾਸ਼ਿੰਗਟਨ ਉਦੋਂ ਤੱਕ ਗੱਲਬਾਤ ਨੂੰ ਅੱਗੇ ਨਹੀਂ ਵਧਾਏਗਾ, ਜਦੋਂ ਤੱਕ ਪ੍ਰਮਾਣੂ ਮੁੱਦੇ ਨੂੰ ਸਿੱਧੇ ਤੌਰ 'ਤੇ ਹੱਲ ਨਹੀਂ ਕੀਤਾ ਜਾਂਦਾ। ਇਸ ਦੇ ਨਾਲ ਹੀ ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਈਰਾਨ ਨੇ ਸੰਕੇਤ ਦਿੱਤਾ ਹੈ ਕਿ ਉਹ 'ਢਹਿਣ ਦੀ ਸਥਿਤੀ' ਵਿੱਚ ਹੈ ਅਤੇ ਨਤੀਜੇ ਵਜੋਂ 'ਜਲਦੀ ਤੋਂ ਜਲਦੀ' ਹਾਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ 'ਤੇ ਜ਼ੋਰ ਦੇ ਰਿਹਾ ਹੈ। ਉਧਰ ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਵਾਰਤਾਕਾਰ ਈਰਾਨੀਆਂ ਨਾਲ ਲਗਾਤਾਰ ਸੰਪਰਕ ਵਿੱਚ ਹਨ, ਜੋ ਯੁੱਧ ਦੇ ਦੌਰਾਨ ਆਪਣੀ ਲੀਡਰਸ਼ਿਪ ਸਥਿਤੀ ਨੂੰ ਸੁਲਝਾਉਣ ਲਈ ਸੰਘਰਸ਼ ਕਰ ਰਹੇ ਹਨ।

## ਅੱਜ-ਨਾਮਾ

ਚੜ੍ਹ ਗਈ ਸਿਰੇ ਆ ਚੋਣ ਬੰਗਾਲ ਵਾਲੀ,
ਖੜਕੇ-ਦੜਕੇ ਦੀ ਖਬਰ ਹੈ ਨਾਲ ਬੇਲੀ।
ਭਾਜਪਾ ਵਾਲੇ ਸੀ ਤੈਸ਼ ਵਿੱਚ ਸੁਣੇ ਡਾਢੇ,
ਕਹਿੰਦੇ ਸੀ ਲਵਾਂਗੇ ਜਿੱਤ ਬੰਗਾਲ ਬੇਲੀ।
ਤ੍ਰਿਣਮੂਲ ਦੇ ਆਗੂ ਵੀ ਘੱਟ ਕੋਈ ਨਹੀਂ,
ਸੁਣਨ ਨਾ ਬਾਤ ਨਾ ਕੋਈ ਸਵਾਲ ਬੇਲੀ।
ਪੌਣੀ ਸਦੀ ਤੋਂ ਇਹੀ ਤਾਂ ਵਰਤਦੀ ਰਹੀ,
ਕੀਤਾ ਸੀ ਬੁਰਾ ਬੰਗਾਲ ਦਾ ਹਾਲ ਬੇਲੀ।
ਵੋਟਾਂ ਮਗਰੋਂ ਮਸ਼ੀਨਾਂ ਨੇ ਬੰਦ ਹੋਈਆਂ,
ਰਹੀ ਰਿਜ਼ਲਟ ਦੀ ਬੱਸ ਉਡੀਕ ਬੇਲੀ।
ਕਿਆਫੇ ਲੱਗਣਗੇ ਬੜੇ ਨਤੀਜਿਆਂ ਦੇ,
ਹੁੰਦਾ ਕਦੇ ਵੀ ਕੋਈ ਨਹੀਂ ਠੀਕ ਬੇਲੀ।

-ਤੀਸ ਮਾਰ ਖਾਂ

## ਕਰਾਚੀ ਵਾਲਿਆਂ ਦੀ ਨਵੀਂ ਤਰਕੀਬ



ਕਰਾਚੀ : ਗੈਸ ਦੀ ਕਿੱਲਤ ਕਾਰਨ ਲੋਕ ਹੁਣ ਪਲਾਸਟਿਕ ਦੇ ਗੁਬਾਰਿਆਂ ਵਿੱਚ ਗੈਸ ਭਰ ਕੇ ਖਾਣਾ ਤੇ ਚਾਹ ਬਣਾਉਣ ਲਈ ਮਜਬੂਰ ਹੋ ਗਏ ਹਨ। ਜਦੋਂ ਕਦੇ ਪਾਈਪ ਵਿੱਚ ਗੈਸ ਆਉਂਦੀ ਹੈ ਲੋਕ ਗੁਬਾਰੇ ਭਰ ਲੈਂਦੇ ਹਨ। ਇਹ ਗੁਬਾਰੇ ਹਜ਼ਾਰ-ਡੇਢ ਹਜ਼ਾਰ ਦੇ ਮਿਲਦੇ ਹਨ। ਮਾਹਰ ਇਨ੍ਹਾਂ ਨੂੰ ਚਲਦਾ-ਫਿਰਦਾ ਬੰਬ ਦੱਸ ਰਹੇ ਹਨ।

**Capital Small Finance Bank**

*Vishwas Se Vikas Tak*



Seeds of Growth
Roots of Trust

Advances 20.9% ↑ Y-o-Y
Deposit 20.4% ↑ Y-o-Y
PPOP/PAT 28.2%/17.0% ↑ Y-o-Y Q4 FY26
Disbursement 20.1% ↑ Y-o-Y Q4 FY26
CASA 34.7% Q4 FY26
Net NPA 1.24% Q4 FY26 1.35% Q3 FY26

**EXTRACT OF AUDITED FINANCIAL RESULTS FOR THE QUARTER AND YEAR ENDED MARCH 31, 2026**

(₹ in lacs except otherwise stated)

| Sr. No. | Particulars | Quarter Ended | | | Year Ended | |
|---|---|---|---|---|---|---|
| | | March 31, 2026 | December 31, 2025 | March 31, 2025 | March 31, 2026 | March 31, 2025 |
| | | Audited | Unaudited | Audited | Audited | Audited |
| 1. | Total Income from Operations | 29,892 | 29,839 | 25,703 | 1,14,687 | 99,452 |
| 2. | Net Profit/(Loss) for the period (before Tax, Exceptional and/or Extraordinary items) | 5,403 | 4,589 | 4,499 | 18,880 | 17,513 |
| 3. | Net Profit/(Loss) for the period before tax (after Exceptional and/or Extraordinary items) | 5,403 | 4,589 | 4,499 | 18,880 | 17,513 |
| 4. | Net Profit/(Loss) for the period after tax (after Exceptional and/or Extraordinary items) | 4,008 | 3,441 | 3,424 | 14,139 | 13,165 |
| 5. | Total Comprehensive Income for the period [Comprising Profit/(Loss) for the period (after tax) and Other Comprehensive Income (after tax)] [refer note (ii)] | - | - | - | - | - |
| 6. | Paid-up Equity Share Capital | 4,542 | 4,542 | 4,525 | 4,542 | 4,525 |
| 7. | Reserves (excluding Revaluation Reserve) as shown in the Audited Balance Sheet of the previous Year | | | | 1,41,561 | 1,29,489 |
| 8. | Securities Premium Account | 70,889 | 70,889 | 70,064 | 70,889 | 70,064 |
| 9. | Net worth[1] | 1,44,938 | 1,42,058 | 1,33,447 | 1,44,938 | 1,33,447 |
| 10. | Paid-up Debt Capital/ Outstanding Debt | 49,943 | 56,552 | 32,058 | 49,943 | 32,058 |
| 11. | Outstanding Redeemable Preference Shares[2] | - | - | - | - | - |
| 12. | Debt Equity Ratio[3] | 0.34 | 0.40 | 0.24 | 0.34 | 0.24 |
| 13 | Earnings per share (of ₹10/- each) (for continuing operations<br>13.1 Basic ₹ (non-annualised)<br>13.2 Diluted ₹ (non-annualised) | <br>8.82<br>8.79 | <br>7.60<br>7.58 | <br>7.57<br>7.53 | <br>31.20<br>31.09 | <br>29.18<br>29.09 |
| 14. | Capital Redemption Reserve[4] | - | - | - | - | - |
| 15. | Debenture Redemption Reserve[4] | - | - | - | - | - |
| 16. | Debt Service Coverage Ratio[5] | - | - | - | - | - |
| 17. | Interest Service Coverage Ratio[5] | - | - | - | - | - |

[1] Net worth is computed as per the Reserve Bank of India ("RBI") Direction No. RBI/DOR/2025-26/189 DOR.CRE.REC.108/07-03-002/2025-26 on Reserve Bank of India (Small Finance Banks - Concentration Risk Management) Directions, 2025, dated November 28, 2025.
[2] The Bank has not issued any redeemable preference shares.
[3] Debt-equity ratio means the ratio of total borrowings to share capital plus reserves.
[4] As per the Companies Act, 2013, the Bank is not required to create capital/debenture redemption reserve. However, the Bank has created Recovery Expense Fund Account with BSE Limited.
[5] Being a Banking Company, Disclosure is not applicable as per SEBI (Listing Obligations and Disclosure Requirements) Regulations, 2015.

**Notes:**

(I) The above is an extract of the detailed format of quarter and year ended Financial Results filed with the Stock Exchanges under Regulation 33 & 52 of the SEBI (Listing Obligations and Disclosure Requirements) Regulations, 2015. The full format of the quarter and year ended Financial Results are available on the websites of the Stock Exchanges, www.nseindia.com and www.bseindia.com and of the Bank www.capital.bank.in.
(ii) Information related to the total comprehensive income and other comprehensive income are not furnished as Ind AS is not yet made applicable to Bank.
(iii) The figures of the quarter are the balancing figures between figures in respect of the year-to-date figures and the published figures upto previous quarter.
(iv) The other line items referred in Regulation 52(4) of the SEBI (Listing Obligations and Disclosure Requirements) Regulations, 2015, has been given hereunder.

| Sr. No. | Particulars | Quarter Ended | | | Year Ended | |
|---|---|---|---|---|---|---|
| | | March 31, 2026 | December 31, 2025 | March 31, 2025 | March 31, 2026 | March 31, 2025 |
| | | Audited | Unaudited | Audited | Audited | Audited |
| 1 | Percentage of shares held by Government of India | - | - | - | - | - |
| 2 | Return on Assets[1] (annualised) | 1.33% | 1.16% | 1.36% | 1.24% | 1.35% |
| 3 | Operating Margin[2] | 20.01% | 17.32% | 18.22% | 18.62% | 18.65% |
| 4 | Net Profit Margin[3] | 13.41% | 11.53% | 13.32% | 12.33% | 13.24% |
| 5 | Total Debt to Total Assets[4] | 4.11% | 4.68% | 3.17% | 4.11% | 3.17% |
| 6 | Gross NPA (₹ in lacs) | 22,041 | 21,887 | 18,534 | 22,041 | 18,534 |
| 7 | Net NPA (₹in lacs) | 10,604 | 10,844 | 9,184 | 10,604 | 9,184 |
| 8 | % of Gross NPA | 2.54% | 2.68% | 2.58% | 2.54% | 2.58% |
| 9 | % of Net NPA | 1.24% | 1.35% | 1.30% | 1.24% | 1.30% |
| 10 | Capital Adequacy Ratio (%) | 22.31% | 21.60% | 25.39% | 22.31% | 25.39% |
| 11 | Tier-I Ratio (%) | 19.58% | 18.61% | 21.71% | 19.58% | 21.71% |

[1] Return on Assets means the ratio of profit after tax to average monthly total assets.
[2] Operating Margin means Operating profit before provisions and contingencies to the total income.
[3] Net Profit Margin means Net Profit to total income
[4] Total Debts to Total Assets means the ratio of total borrowings to total assets.

(v) The other line items referred in Regulation 52(4) of the SEBI (Listing Obligations and Disclosure Requirements) Regulations, 2015, pertinent disclosures have been made to the BSE Limited and National Stock Exchange of India Limited and can be accessed on the website of the Stock Exchange on www.bseindia.com, www.nseindia.com and the Bank on URL www.capital.bank.in.
(vi) The Bank has followed the same significant accounting policies in the preparation of these financial results as those followed in the financial statements for the year ended March 31, 2025.
(vii) The above result has been approved by the Board of Directors in its meeting held on April 29, 2026.

Scan for detailed financials

For and on Behalf of the Board of Directors of **Capital Small Finance Bank Limited**

Sd/-
**Sarvjit Singh Samra**
Managing Director (DIN: 00477444)

**Place:** Jalandhar
**Date:** April 29, 2026

**Capital Small Finance Bank Limited (CIN:** L65110PB1999PLC022634)
**Regd. & Head Office:** "MIDAS Corporate Park", 3rd Floor, 37 G.T. Road, Jalandhar, Punjab, INDIA - 144 001
**Tel.:** 0181-505 1111, 505 2222 | **E-mail:** investorrelations@capitalbank.co.in | www.capital.bank.in

# ਮੋਦੀ ਦੀ ਗਰੰਟੀ !

*ਦਿੱਲੀ ਅਸੈਂਬਲੀ ਚੋਣਾਂ ਦੌਰਾਨ ਮਹਿਲਾਵਾਂ ਨੂੰ ਹਰ ਮਹੀਨੇ 2500 ਰੁਪਏ ਦੇਣ ਦਾ ਵੱਡਾ ਵਾਅਦਾ ਕਰਨ ਵਾਲੀ ਭਾਜਪਾ ਦੀ ਸਰਕਾਰ ਹੁਣ ਸਵਾਲਾਂ ਦੇ ਘੇਰੇ ਵਿੱਚ ਹੈ। ਇੱਕ ਆਰ ਟੀ ਆਈ ਜਵਾਬ ਤੋਂ ਪਤਾ ਲੱਗਾ ਹੈ ਕਿ ਇਸ ਯੋਜਨਾ ਲਈ 5,110 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ ਅਤੇ ਲੱਗਭੱਗ 17 ਲੱਖ ਸੰਭਾਵੀ ਮਹਿਲਾ ਲਾਭਪਾਤਰੀਆਂ ਦੀ ਪਛਾਣ ਕੀਤੀ ਗਈ ਹੈ, ਫਿਰ ਵੀ ਇੱਕ ਵੀ ਔਰਤ ਨੂੰ 2,500 ਰੁਪਏ ਦੀ ਪਹਿਲੀ ਕਿਸ਼ਤ ਨਹੀਂ ਮਿਲੀ। ਅਜੈ ਬਾਸੁਦੇਵ ਬੋਸ ਨੇ ਸੂਚਨਾ ਅਧਿਕਾਰ (ਆਰ ਟੀ ਆਈ) ਐਕਟ, 2005 ਦੇ ਤਹਿਤ 7 ਫਰਵਰੀ 2026 ਨੂੰ ਇੱਕ ਆਨਲਾਈਨ ਅਰਜ਼ੀ ਦਾਇਰ ਕਰਕੇ ਦਿੱਲੀ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਤੋਂ ਤਿੰਨ ਸਵਾਲ ਪੁੱਛੇ ਸਨ : ਇਸ ਯੋਜਨਾ ਲਈ ਕੁੱਲ ਬਜਟ ਕਿੰਨਾ ਰੱਖਿਆ ਗਿਆ ਹੈ ? ਕਿੰਨੀਆਂ ਔਰਤਾਂ ਦੀ ਪਛਾਣ ਕੀਤੀ ਗਈ ਹੈ ? ਹੁਣ ਤੱਕ ਕਿੰਨੀਆਂ ਔਰਤਾਂ ਨੂੰ 2,500 ਰੁਪਏ ਦਿੱਤੇ ਗਏ ਹਨ ? ਦਿੱਲੀ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੇ ਵਿੱਤੀ ਸਹਾਇਤਾ ਭਾਗ ਦੀ ਸਹਾਇਕ ਨਿਰਦੇਸ਼ਕ ਚੇਸ਼ਟਾ ਯਾਦਵ ਨੇ 5 ਮਾਰਚ ਨੂੰ ਜਵਾਬ ਦਿੱਤਾ ਕਿ ਮਹਿਲਾ ਸਮ੍ਰਿੱਧੀ ਯੋਜਨਾ ਲਈ ਕੁੱਲ 5,110 ਕਰੋੜ ਰੁਪਏ ਅਲਾਟ ਕੀਤੇ ਗਏ ਹਨ, ਲੱਗਭੱਗ 17 ਲੱਖ ਮਹਿਲਾ ਲਾਭਪਾਤਰੀਆਂ ਦੀ ਪਛਾਣ ਕੀਤੀ ਗਈ ਹੈ, ਪਰ ਤੀਜੇ ਸਵਾਲ ਦੇ ਜਵਾਬ ਵਿੱਚ ਇਹ ਸਪੱਸ਼ਟ ਤੌਰ 'ਤੇ ਲਿਖਿਆ ਨਿੱਲ, ਭਾਵ ਹੁਣ ਤੱਕ ਕਿਸੇ ਵੀ ਔਰਤ ਨੂੰ ਭੁਗਤਾਨ ਨਹੀਂ ਕੀਤਾ ਗਿਆ।*

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਦਿੱਲੀ ਚੋਣ ਪ੍ਰਚਾਰ ਦੌਰਾਨ ਔਰਤਾਂ ਨੂੰ 2,500 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ। ਇਸ ਨੂੰ 'ਮੋਦੀ ਦੀ ਗਰੰਟੀ' ਦੱਸਦੇ ਹੋਏ ਉਨ੍ਹਾ ਵਾਅਦਾ ਕੀਤਾ ਸੀ ਕਿ ਦਿੱਲੀ ਵਿੱਚ ਸਰਕਾਰ ਬਣਨ ਤੋਂ ਬਾਅਦ ਪਹਿਲੀ ਕੈਬਨਿਟ ਮੀਟਿੰਗ ਵਿੱਚ ਇਸ ਯੋਜਨਾ ਨੂੰ ਮਨਜ਼ੂਰੀ ਦਿੱਤੀ ਜਾਵੇਗੀ। ਹਾਲਾਂਕਿ ਉਸ ਐਲਾਨ ਦੇ ਲੱਗਭੱਗ ਇੱਕ ਸਾਲ ਬਾਅਦ ਵੀ, ਇੱਕ ਵੀ ਔਰਤ ਦੇ ਬੈਂਕ ਖਾਤੇ ਵਿੱਚ ਰਕਮ ਨਹੀਂ ਪਹੁੰਚੀ।*

*ਜਨਵਰੀ 2025 ਵਿੱਚ ਜਾਰੀ ਕੀਤੇ ਗਏ ਭਾਜਪਾ ਦੇ ਮੈਨੀਫੈਸਟੋ ਵਿੱਚ ਕਿਹਾ ਗਿਆ ਸੀ ਕਿ ਜੇ ਉਹ ਸਰਕਾਰ ਬਣਾਉਂਦੀ ਹੈ, ਤਾਂ ਦਿੱਲੀ ਵਿੱਚ ਯੋਗ ਔਰਤਾਂ ਨੂੰ ਪ੍ਰਤੀ ਮਹੀਨਾ 2500 ਰੁਪਏ ਮਿਲਣਗੇ। ਇਸ ਨੂੰ 'ਮਹਿਲਾ ਸਮ੍ਰਿੱਧੀ ਯੋਜਨਾ' ਨਾਂਅ ਦਿੱਤਾ ਗਿਆ ਸੀ ਤੇ ਇਸ ਨੂੰ ਔਰਤਾਂ ਦੇ ਆਰਥਿਕ ਸਸ਼ਕਤੀਕਰਨ ਵੱਲ ਇੱਕ ਵੱਡਾ ਕਦਮ ਦੱਸਿਆ ਗਿਆ ਸੀ। ਫਰਵਰੀ 2025 ਦੀਆਂ ਅਸੈਂਬਲੀ ਚੋਣਾਂ ਵਿੱਚ ਭਾਜਪਾ 27 ਸਾਲਾਂ ਬਾਅਦ ਸੱਤਾ ਵਿੱਚ ਵਾਪਸ ਆਈ । ਪਾਰਟੀ ਨੇ 70 ਵਿੱਚੋਂ 48 ਸੀਟਾਂ ਜਿੱਤ ਕੇ ਬਹੁਮਤ ਪ੍ਰਾਪਤ ਕੀਤਾ ਅਤੇ ਰੇਖਾ ਗੁਪਤਾ ਮੁੱਖ ਮੰਤਰੀ ਬਣ ਗਈ। ਚੋਣ ਜਿੱਤਣ ਤੋਂ ਬਾਅਦ ਔਰਤਾਂ ਨੂੰ ਉਮੀਦ ਸੀ ਕਿ ਵਾਅਦਾ ਜਲਦੀ ਹੀ ਪੂਰਾ ਹੋਵੇਗਾ।*

*ਸਰਕਾਰ ਨੇ 8 ਮਾਰਚ, 2025 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਇਸ ਯੋਜਨਾ ਲਈ ਕੈਬਨਿਟ ਦੀ ਪ੍ਰਵਾਨਗੀ ਦਾ ਐਲਾਨ ਕੀਤਾ। ਉਸ ਸਮੇਂ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਇਸ ਯੋਜਨਾ ਲਈ ਬਜਟ ਵਿੱਚ ਪੈਸੇ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ, ਇੱਕ ਕਮੇਟੀ ਬਣਾਈ ਗਈ ਹੈ ਅਤੇ ਇੱਕ ਰਜਿਸਟ੍ਰੇਸ਼ਨ ਪੋਰਟਲ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ। ਯੋਗਤਾ ਲਈ ਉਮਰ ਅਤੇ ਆਮਦਨ ਸੀਮਾਵਾਂ ਵੀ ਦੱਸੀਆਂ ਗਈਆਂ ਸਨ। ਇਸ ਤੋਂ ਬਾਅਦ ਮਾਰਚ 2026 ਦੇ ਬਜਟ ਵਿੱਚ ਇਸ ਯੋਜਨਾ ਲਈ 5110 ਕਰੋੜ ਦੁਬਾਰਾ ਰੱਖੇ ਗਏ ਸਨ। ਸਰਕਾਰ ਨੇ ਔਰਤਾਂ ਨੂੰ 2500 ਰੁਪਏ ਮਾਸਿਕ ਸਹਾਇਤਾ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ, ਪਰ ਆਰ ਟੀ ਆਈ ਦੇ ਜਵਾਬ ਤੋਂ ਪਤਾ ਚਲਦਾ ਹੈ ਕਿ ਬਜਟ ਲਾਭਪਾਤਰੀਆਂ ਦੀ ਪਛਾਣ ਅਤੇ ਐਲਾਨਾਂ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਭੁਗਤਾਨ ਅਜੇ ਸ਼ੁਰੂ ਨਹੀਂ ਹੋਏ।*

*ਅੱਜਕੱਲ੍ਹ ਚੋਣਾਂ ਵਿੱਚ ਔਰਤਾਂ ਦੇ ਖਾਤਿਆਂ ਵਿੱਚ ਸਿੱਧੇ ਪੈਸੇ ਪਾਉਣ ਦੇ ਵਾਅਦੇ ਕਰਨ ਦਾ ਚਲਨ ਹੀ ਹੋ ਗਿਆ ਹੈ। ਔਰਤਾਂ ਝਾਂਸੇ ਵਿੱਚ ਆ ਕੇ ਵੋਟਾਂ ਪਾ ਦਿੰਦੀਆਂ ਹਨ, ਪਰ ਖਾਤੇ ਖਾਲੀ ਹੀ ਰਹਿੰਦੇ ਹਨ। ਔਰਤਾਂ ਨੂੰ ਸਮਝਣਾ ਪੈਣਾ ਕਿ ਉਨ੍ਹਾਂ ਲਾਰਿਆਂ ਵਿੱਚ ਹੀ ਫਸਦੇ ਰਹਿਣਾ ਜਾਂ ਅਜਿਹੀਆਂ ਪਾਰਟੀਆਂ ਨੂੰ ਵੋਟ ਪਾਉਣੀ ਹੈ, ਜਿਹੜੀਆਂ ਉਨ੍ਹਾਂ ਦੇ ਖਾਤੇ ਵਿੱਚ ਤੁਛ ਰਕਮ ਪਾਉਣ ਦੀ ਥਾਂ ਉਨ੍ਹਾਂ ਦੇ ਬੱਚਿਆਂ ਨੂੰ ਰੁਜ਼ਗਾਰ ਦਾ ਪੱਕਾ ਪ੍ਰਬੰਧ ਕਰਨ।*

## ਨਾਂਗਾ ਚੋਰਾਂ 'ਚ ਖੇਲੇ !

*ਟਿੱਲੇ 'ਤੇ ਪਹੁੰਚਣਾ ਚਾਹੁੰਦੇ, ਸਭ ਦੇ ਆਪੋ-ਆਪਣੇ ਰਾਹ।*
*ਬਹੁਤੇ ਰਾਹੀ ਭਟਕ ਜਾਂਦੇ ਨੇ, ਕਿਸੇ ਦਾ ਕੋਈ ਨਹੀਂ ਵਿਸਾਹ।*
*ਟਿੱਲੇ 'ਤੇ ਮਾਇਆ ਰਹਿੰਦੀ, ਹਰ ਰਾਹੀ ਨੂੰ ਚੜ੍ਹਿਆ ਚਾਅ।*
*ਰਾਹਾਂ ਵਿੱਚ ਦਲਾਲ ਟੱਕਰਦੇ, ਵਾਂਗ ਵਪਾਰੀ ਕਰਦੇ ਭਾਅ।*
*ਧਰਮ ਦੀ ਪੌੜੀ ਮੋਢੇ ਰੱਖਦੇ, ਚੜ੍ਹ ਜਾਂਦੇ ਜਦ ਮਿਲਦਾ ਰਾਹ।*
*ਦੇਖਦੇ ਦੇਖਦੇ ਬੱਦਲੀ ਬਣ ਕੇ, ਆਸੇ ਪਾਸੇ ਜਾਂਦੇ ਛਾਅ।*
*ਗਠੜੀ ਦੀ ਜਦ ਗੰਢ ਹੈ ਖੁੱਲ੍ਹਦੀ, ਲਾ ਜਾਂਦੇ ਹਨ ਹੋਰ ਹੀ ਦਾਅ।*
*ਨਾਂਗਾ ਚੋਰਾਂ ਦੇ ਵਿੱਚ ਖੇਲੇ, ਹੁੰਦੀ ਕੋਈ ਵੀ ਨਹੀਂ ਪਰਵਾਹ।*
*ਜੇ ਰਹਿਣਾ ਤੂੰ ਸੁਖੀ ਪਤੰਦਰਾ, ਐਵੇ ਫੂਕਾਂ ਵਿੱਚ ਨਾ ਆ।*
*ਠੰਢਾ ਪਾਣੀ ਪੀ ਗੁਪਾਲਾ, ਰੁੱਖੀ ਮਿੱਸੀ ਘਰ ਵਿੱਚ ਖਾਹ।*

**-ਗੁਲਪੁਰ**

# ਲੋਕਤੰਤਰ ਦਾ ਜਸ਼ਨ ਜਾਂ ਪੱਖਪਾਤੀ ਚੋਣਾਂ



ਗੁਰਮੀਤ ਸਿੰਘ ਪਲਾਹੀ

ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਦੌਰਾਨ 23 ਅਪ੍ਰੈਲ ਨੂੰ ਰਿਕਾਰਡ ਵੋਟਿੰਗ ਦਰਜ ਕੀਤੀ ਗਈ। ਪੱਛਮੀ ਬੰਗਾਲ ਵਿੱਚ ਪਹਿਲੇ ਪੜਾਅ ਤਹਿਤ ਪਈਆਂ ਵੋਟਾਂ ਦੌਰਾਨ 3.60 ਕਰੋੜ ਵੋਟਰਾਂ ਵਿੱਚੋਂ 92.72 ਫ਼ੀਸਦੀ ਨੇ ਵੋਟਾਂ ਦੀ ਵਰਤੋਂ ਕੀਤੀ, ਜੋ ਕਿ ਸੂਬੇ ਦੇ ਹਾਲੀਆ ਇਤਿਹਾਸ ਵਿੱਚ ਸਭ ਤੋਂ ਵੱਧ ਵੋਟਿੰਗ ਹੈ। ਤਾਮਿਲਨਾਡੂ ਵਿਧਾਨ ਸਭਾ ਲਈ ਪਈਆਂ 234 ਸੀਟਾਂ ਲਈ 5.73 ਕਰੋੜ ਯੋਗ ਵੋਟਰਾਂ ਵਿੱਚੋਂ 85.4 ਫ਼ੀਸਦੀ ਵੋਟਰਾਂ ਨੇ ਵੋਟ ਪਾਈ। ਇਹ ਵੀ ਰਿਕਾਰਡ ਤੋੜ ਵੋਟਿੰਗ ਰਹੀ।

ਦੇਸ਼ ਦਾ ਚੋਣ ਕਮਿਸ਼ਨ ਖੁਸ਼ ਹੈ। ਦੇਸ਼ ਦਾ ਚੋਣ ਕਮਿਸ਼ਨ ਕਹਿੰਦਾ ਹੈ- ਦੋਵਾਂ ਸੂਬਿਆਂ ਦੇ ਵੋਟਰਾਂ ਨੂੰ ਸਲਾਮ।ਪਰ ਪੱਛਮੀ ਬੰਗਾਲ ਦੇ ਪਹਿਲੇ ਪੜਾਅ ਵਿੱਚ ਜਿੱਥੇ ਵੋਟਾਂ ਕਰਵਾਈਆਂ ਗਈਆਂ, ਉਹਨਾਂ ਇਲਾਕਿਆਂ ਵਿੱਚ ਆਪਣੇ ਨਾਂਅ ਕੱਟੇ 27 ਲੱਖ ਵੋਟਰਾਂ ਨੇ ਚੋਣ ਕਮਿਸ਼ਨ ਅੱਗੇ ਆਪਣੀ ਵੋਟ ਠੀਕ ਕਰਵਾਉਣ ਲਈ ਫ਼ਰਿਆਦਾਂ ਕੀਤੀਆਂ। ਇਹਨਾਂ 27 ਲੱਖ ਵੋਟਰਾਂ ਵਿੱਚੋਂ ਸਿਰਫ਼ 650 ਅਰਜ਼ੀਆਂ ਉੱਤੇ ਚੋਣ ਕਮਿਸ਼ਨ ਨੇ ਵਿਚਾਰ ਕੀਤਾ ਅਤੇ 139 ਨੂੰ ਹੀ ਵੋਟ ਪਾਉਣ ਦੀ ਮਨਜ਼ੂਰੀ ਦਿੱਤੀ।

ਇਸੇ ਤਰ੍ਹਾਂ ਤਾਮਿਲਨਾਡੂ ਵਿੱਚ ਵੋਟਰ ਸਫ਼ਾਈ ਅਭਿਆਨ ਦੌਰਾਨ ਲੱਖਾਂ ਵੋਟਾਂ ਕੱਟੀਆਂ ਗਈਆਂ। ਵਿਰੋਧੀ ਧਿਰਾਂ ਅਤੇ ਲੋਕ, ਇਨਸਾਫ਼ ਲੈਣ ਲਈ ਸੁਪਰੀਮ ਕੋਰਟ ਤੱਕ ਪੁੱਜੇ, ਕਿਉਂਕਿ ਇੱਥੇ ਵੀ ਉਸੇ ਕਿਸਮ ਦੇ ਸ਼ੰਕੇ ਅਤੇ ਇਲਜ਼ਾਮ ਚੋਣ ਕਮਿਸ਼ਨ ਵਿਰੁੱਧ ਸਾਹਮਣੇ ਆਏ ਜੋ ਪੱਛਮੀ ਬੰਗਾਲ ਵਿੱਚ ਸਨ।

ਕੀ ਇਹ ਭਾਰਤੀ ਚੋਣ ਕਮਿਸ਼ਨ ਦੀ ਦੇਸ਼ ਦੇ ਵੱਡੇ ਹਾਕਮ ਨੂੰ ਖ਼ੁਸ਼ ਕਰਨ ਵਾਲੀ, ਬੇਈਮਾਨ ਪੱਖਪਾਤੀ ਕਾਰਵਾਈ ਨਹੀਂ ਹੈ ? ਸ਼ਾਇਦ ਤਦੇ ਦੇਸ਼ ਦਾ ਵੱਡਾ ਹਾਕਮ ਬੰਗਾਲ ਵਿੱਚ ਹੂੰਝਾ ਫੇਰੂ ਜਿੱਤ ਦਾ ਦਾਅਵਾ ਕਰਦਾ ਹੈ। ਜਦੋਂ ਦੇਸ਼ ਦਾ ਵੱਡਾ ਹਾਕਮ ਪਹਿਲਾਂ ਹੀ ਜਿੱਤ ਦੇ ਦਾਅਵੇ ਕਰ ਰਿਹਾ ਹੋਵੇ ਅਤੇ ਕਮਿਸ਼ਨ ਸ਼ਿਕਾਇਤਾਂ ਨੂੰ ਨਜ਼ਰਅੰਦਾਜ਼ ਕਰੇ, ਤਾਂ ਕੀ ਇਹ ਨਿਰਪੱਖ ਚੋਣਾਂ ਦੇ ਦਾਅਵੇ ਨੂੰ ਖੋਖਲਾ ਸਾਬਤ ਨਹੀਂ ਕਰਦਾ ?

ਹਾਕਮ ਧਿਰ ਭਾਜਪਾ , ਬੰਗਾਲ ਅਤੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਜਿੱਤਣ ਲਈ ਪੱਬਾਂ ਭਾਰ ਰਹੀ। ਜਿੱਥੇ ਚੋਣ ਕਮਿਸ਼ਨ ਰਾਹੀਂ ਵੋਟਰ ਸਹੀ ਹੈ ਜਾਂ ਵੋਟਰ ਗਲਤ ਹੈ ਦਾ ਪ੍ਰਮਾਣ ਜਾਰੀ ਕਰਕੇ ਲੋਕਾਂ ਨੂੰ ਪਰੇਸ਼ਾਨ ਕੀਤਾ ਗਿਆ ਹੈ, ਵੱਡੀ ਗਿਣਤੀ ਵਿੱਚ ਵੋਟਾਂ ਕੱਟੀਆਂ ਗਈਆਂ ਹਨ, ਉੱਥੇ ਵੱਡੀ ਰਾਜਨੀਤਕ ਚਾਲ ਚਲਦਿਆਂ ਦੇਸ਼ ਦੀ ਪਾਰਲੀਮੈਂਟ ਦਾ ਵਿਸ਼ੇਸ਼ ਅਜਲਾਸ ਬੁਲਾ ਕੇ ਨਾਰੀ ਰਾਖਵਾਂਕਰਨ ਸੋਧ ਬਿੱਲ ਲਿਆ ਕੇ ਔਰਤਾਂ ਨੂੰ ਖ਼ੁਸ਼ ਕਰਨ ਦੀ ਚਾਲ ਵੀ ਚੱਲੀ ਗਈ। ਭਾਵੇਂ ਕਿ ਇਸ ਬਿੱਲ ਨੂੰ ਵਿਰੋਧੀ ਧਿਰ ਨੇ ਇੱਕਜੁੱਟ ਹੋ ਕੇ ਪਾਸ ਹੋਣ ਤੋਂ ਰੋਕ ਦਿੱਤਾ।

ਜਿਸ ਢੰਗ ਨਾਲ ਪੱਛਮੀ ਬੰਗਾਲ ਵਿੱਚ ਰਿਕਾਰਡ ਤੋੜ ਵੋਟਿੰਗ ਹੋਈ ਹੈ, ਭਾਵੇਂ ਉਸ ਬਾਰੇ ਕਿਸੇ ਵੀ ਧਿਰ ਦੀ ਜਿੱਤ ਦਾ ਅੰਦਾਜ਼ਾ ਲਗਾਉਣਾ ਔਖਾ ਹੈ, ਪਰ ਖ਼ਬਰਾਂ ਇਸ ਕਿਸਮ ਦੀਆਂ ਹਨ ਕਿ ਭਾਜਪਾ ਦੇ ਰੱਥ ਨੂੰ ਰੋਕਣ ਲਈ ਆਮ ਲੋਕਾਂ ਨੇ ਇੱਕਠੇ ਹੋ ਕੇ, ਹਿੱਕ ਡਾਹ ਕੇ ਰਿਕਾਰਡ ਤੋੜ ਵੋਟਿੰਗ ਕੀਤੀ ਹੈ। ਦੂਜੇ ਪਾਸੇ ਭਾਜਪਾ ਦੀ ਕੇਂਦਰ ਸਰਕਾਰ ਨੇ ਕੇਂਦਰੀ ਫੋਰਸ ਤਾਇਨਾਤ ਕੀਤੀ ਅਤੇ ਹੁਣ ਤੱਕ ਵੀ ਭਾਰਤੀ ਇਨਫੋਰਸਮੈਂਟ ਵਿਭਾਗ ਦੇ ਛਾਪੇ ਪੱਛਮੀ ਬੰਗਾਲ 'ਚ ਮਰਵਾਏ ਜਾ ਰਹੇ ਹਨ। ਲੋਕਾਂ ਅਤੇ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਨੂੰ ਡਰਾਇਆ ਜਾ ਰਿਹਾ ਹੈ।

ਪਹਿਲਾਂ ਵੀ ਭਾਜਪਾ ਦੱਖਣੀ ਰਾਜਾਂ ਤਾਮਿਲਨਾਡੂ, ਕੇਰਲਾ ਅਤੇ ਕਰਨਾਟਕ ਵਿੱਚ ਅਜਿਹੀਆਂ ਛਾਪੇਮਾਰੀਆਂ ਕਰ ਚੁੱਕੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਚਾਲਾਂ ਚੱਲਣ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ।

ਪੱਛਮੀ ਬੰਗਾਲ ਦੇ 294 ਖੇਤਰਾਂ ਵਿੱਚ ਵੋਟਰਾਂ ਦੇ ਕਈ ਥਾਵਾਂ ਉੱਤੇ ਬੇਵਜ੍ਹਾ ਨਾਂਅ ਕੱਟਿਆ ਜਾਣਾ ਪ੍ਰੇਸ਼ਾਨ ਕਰਦਾ ਨਜ਼ਰ ਆਉਂਦਾ ਹੈ। ਕਈ ਥਾਵਾਂ ਉੱਤੇ ਭਾਜਪਾ ਪਹਿਲਾਂ ਹੀ ਮਜ਼ਬੂਤ ਸੀ, ਉੱਥੇ ਵੀ ਵਿਰੋਧੀਆਂ ਦੇ ਨਾਂਅ ਕੱਟੇ ਗਏ। ਕੀ ਇਹ ਵੋਟਰਾਂ ਜਾਂ ਦੇਸ਼ ਦੇ ਨਾਗਰਿਕਾਂ ਨਾਲ ਧੱਕਾ ਨਹੀਂ ?

ਲੱਖਾਂ ਵੋਟਰ, ਜਿਨ੍ਹਾਂ ਦੇ ਨਾਂਅ ਵੋਟਰ ਲਿਸਟਾਂ ਵਿੱਚੋਂ ਕੱਟੇ ਗਏ ਹਨ, ਉਹਨਾਂ ਕੋਲ ਵੋਟਰ ਪਾਤਰਤਾ ਦੇ ਪੂਰੇ ਸਬੂਤ ਹਨ, ਪਰ ਨਾ ਤਾਂ ਭਾਰਤੀ ਚੋਣ ਕਮਿਸ਼ਨ ਨੇ ਉਹਨਾਂ ਦੀ ਸੁਣੀ ਅਤੇ ਨਾ ਹੀ ਉਹ ਅਦਾਲਤ ਵਿੱਚੋਂ ਇਨਸਾਫ਼ ਪ੍ਰਾਪਤ ਕਰ ਸਕੇ। ਕੀ ਇਹ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਸ਼ਰਮਸਾਰ ਕਰਨ ਦਾ ਯਤਨ ਨਹੀਂ ?

ਅਸਲ ਵਿੱਚ ਪੱਛਮੀ ਬੰਗਾਲ ਵਿੱਚ ਪੁਨਰ ਨਿਰੀਖਣ ਨੂੰ ਨਾਗਰਿਕਤਾ ਨਿਰਧਾਰਨ ਦੇ ਰੂਪ ਵਿੱਚ ਦੇਖਿਆ ਗਿਆ। ਇਸ ਲਈ ਧਰਮ, ਭਾਸ਼ਾ ਜਾਂ ਵਰਗ ਦੀ ਪ੍ਰਵਾਹ ਕੀਤੇ ਬਿਨਾਂ ਦਹਿਸ਼ਤ ਅਤੇ ਚਿੰਤਾ ਦੇਖਣ ਨੂੰ ਮਿਲੀ। ਇਹ ਕੇਵਲ ਵੋਟਾਂ ਨਾ ਪਾਉਣ ਦਾ ਡਰ ਨਹੀਂ ਸੀ, ਬਲਕਿ ਸਮਾਜ ਵਿੱਚ ਆਪਣਾ ਥਾਂ ਖੋਹੇ ਜਾਣ ਦਾ ਮਾਮਲਾ ਸੀ।

ਪੱਛਮੀ ਬੰਗਾਲ ਵਿੱਚ ਵੋਟਰਾਂ ਦੇ ਪੁਨਰ-ਨਿਰੀਖਣ ਦੌਰਾਨ ਜੋ ਪ੍ਰਕਿਰਿਆ ਅਪਣਾਈ ਗਈ, ਉਹ ਬਿਹਾਰ, ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਿੱਚ ਨਹੀਂ ਸੀ ਅਪਣਾਈ ਗਈ। ਨਵੰਬਰ 2025 ਤੋਂ ਸ਼ੁਰੂ ਹੋ ਕੇ ਇਹ ਕਵਾਇਤ ਲਗਾਤਾਰ ਜਾਰੀ ਰਹੀ ਕਿ ਜਿਨ੍ਹਾਂ ਵੋਟਰਾਂ ਦੇ ਨਾਂਅ 2002 ਦੀ ਮੱਤਦਾਤਾ ਸੂਚੀ ਵਿੱਚ ਸਨ, ਉਹਨਾਂ ਨੂੰ ਹੀ ਮਤਦਾਤਾ ਸੂਚੀ ਵਿੱਚ ਸ਼ਾਮਲ ਹੋਣ ਦੇ ਯੋਗ ਮੰਨਿਆ ਗਿਆ । ਜਿਨ੍ਹਾਂ ਦੇ ਨਾਂਅ ਮਤਦਾਤਾ ਸੂਚੀ ਵਿਚ ਨਹੀਂ ਸਨ, ਉਹਨਾਂ ਦੇ ਪਿਤਾ ਦਾ ਨਾਂਅ 2002 ਦੀ ਸੂਚੀ ਵਿੱਚ ਸ਼ਾਮਲ ਹੋਣਾ ਜ਼ਰੂਰੀ ਸੀ। ਇਹਨਾਂ ਦੋਨਾਂ ਸ਼੍ਰੇਣੀਆਂ ਵਿੱਚ ਨਾਂਅ ਆਉਣ ਵਾਲੇ ਵੋਟਰਾਂ ਨੂੰ ਨਵੇਂ ਵੋਟਰ ਦੇ ਰੂਪ ਵਿੱਚ ਬੇਨਤੀ ਪੱਤਰ ਦੇਣਾ ਜ਼ਰੂਰੀ ਸੀ। ਸਾਲ 2024 ਦੀ ਲੋਕ ਸਭਾ ਚੋਣ ਵੇਲੇ 90.82 ਲੱਖ ਵੋਟਰਾਂ ਦੇ ਨਾਂਅ ਕੱਟੇ ਗਏ ਸਨ, ਜਿਹਨਾਂ ਵਿੱਚੋਂ ਮਰਨ ਵਾਲਿਆਂ ਦੀ ਗਿਣਤੀ 65 ਲੱਖ ਸੀ ਅਤੇ ਬਾਕੀ ਸੂਬੇ ਵਿੱਚ ਹਾਜ਼ਰ ਨਹੀਂ ਸੀ ਜਾਂ ਜਿਹਨਾਂ ਦੇ ਨਾਂਅ ਦੋਹਰੇ ਦਰਜ ਸਨ ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ, ਦੇਸ਼ ਵਿੱਚ ਇਸ ਢੰਗ ਨਾਲ ਕੰਮ ਕਰ ਰਹੀ ਹੈ ਕਿ ਦੇਸ਼ 'ਚੋਂ ਵਿਰੋਧੀ ਧਿਰ ਨੂੰ ਖ਼ਤਮ ਕਰ ਦਿੱਤਾ ਜਾਵੇ। ਚੋਣ ਜਿੱਤਣ ਲਈ ਹਰ ਵਾਹ ਲਗਾਈ ਜਾਵੇ। ਵਿਰੋਧੀਆਂ ਨੂੰ ਚਿੱਤ ਕਰਨ ਲਈ ਆਮਦਨ ਕਰ ਵਿਭਾਗ, ਈ ਡੀ ਅਤੇ ਹੋਰ ਏਜੰਸੀਆਂ ਦੀ ਸਹਾਇਤਾ ਨਾਲ ਲਗਾਤਾਰਤਾ ਨਾਲ ਯਤਨ ਹੋਣ। ਦੋ ਉਦਾਹਰਨਾਂ ਹਨ-ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਨੂੰ ਆਪਣੀ ਪਾਰਟੀ 'ਚ ਉਪਰੋਕਤ ਏਜੰਸੀਆਂ ਜਾਂ ਨਿੱਜੀ ਲਾਲਚ ਦੇ ਕੇ ਸ਼ਾਮਲ ਕਰ ਲਿਆ ਗਿਆ। ਗੁਜਰਾਤ ਵਿੱਚ ਸਥਾਨਕ ਚੋਣਾਂ 'ਚ ਵੱਡੀ ਗਿਣਤੀ ਉਮੀਦਵਾਰ ਸਰਬਸੰਮਤੀ ਨਾਲ ਜਿਤਾ ਲਏ ਗਏ ਅਤੇ ਵਿਰੋਧੀਆਂ ਦੇ ਨਾਮਕਰਣ ਡਰ ਜਾਂ ਲਾਲਚ ਨਾਲ ਵਾਪਸ ਕਰਵਾਏ ਗਏ। ਇਹੋ ਹਾਲ ਗੁਜਰਾਤ 'ਚ ਅਸੰਬਲੀ ਸੀਟ 'ਚ ਨਿਰਵਿਰੋਧ ਚੋਣ ਦਾ ਮਾਮਲਾ ਸਾਹਮਣੇ ਆਇਆ ਸੀ। ਕੀ ਇਹ ਲੋਕਤੰਤਰ ਹੈ ? ਕੀ ਇਹ ਇਹ ਆਮ ਲੋਕਾਂ ਦੇ ਹੱਕਾਂ ਉੱਤੇ ਚਿੱਟੇ ਦਿਨ ਡਾਕਾ ਨਹੀਂ ?

ਅਸਲ 'ਚ ਭਾਜਪਾ ਦੀ ਸੋਚ ਲੋਕਤੰਤਰੀ ਨਹੀਂ, ਸਗੋਂ ਅਲੱਗ ਹੈ। ਉਸ ਦਾ ਟਿੱਚਾ ਸਿਰਫ਼ ਚੋਣ ਜਿੱਤਣਾ ਨਹੀਂ, ਬਲਕਿ ਚੋਣ ਜਿੱਤਣਾ ਅਤੇ ਹਮੇਸ਼ਾ ਲਈ ਚੋਣ ਜਿੱਤਦੇ ਰਹਿਣਾ ਹੈ ਅਤੇ ਸਦਾ ਸੱਤਾ ਵਿੱਚ ਬਣੇ ਰਹਿਣਾ ਹੈ। ਇਸ ਕੰਮ ਲਈ ਉਸ ਵੱਲੋਂ ਧਨ, ਬਲ, ਰਾਜਪਾਲ, ਨੌਕਰਸ਼ਾਹੀ ਤੰਤਰ ਅਤੇ ਤਲਾਸ਼ੀ, ਜ਼ਬਤੀ, ਗ੍ਰਿਫ਼ਤਾਰੀ ਕਰਨ ਵਾਲੀਆਂ ਆਗਿਆਕਾਰੀ ਜਾਂਚ ਏਜੰਸੀਆਂ ਅਤੇ ਇੱਥੋਂ ਤੱਕ ਕਿ ਮੀਡੀਆ ਅਤੇ ਚੋਣ ਕਮਿਸ਼ਨ ਦੀ ਵਰਤੋਂ ਅਤੇ ਸਮਰਥਨ ਵੀ ਪ੍ਰਾਪਤ ਕਰ ਲਿਆ ਹੈ।

ਕਿੱਧਰੇ-ਕਿੱਧਰੇ ਅਦਾਲਤਾਂ ਵੀ ਦੱਬੀ-ਘੁੱਟੀ ਜ਼ੁਬਾਨ ਵਿੱਚ ਇਸ ਨਾਲ ਖੜ੍ਹੀਆਂ ਦਿਖਦੀਆਂ ਹਨ। ਖ਼ਾਸ ਤੌਰ 'ਤੇ ਇਹ ਦ੍ਰਿਸ਼ ਪੱਛਮੀ ਬੰਗਾਲ ਚੋਣਾਂ ਵਿੱਚ ਦੇਖਣ ਨੂੰ ਮਿਲਿਆ, ਜਦੋਂ ਸੂਬੇ ਦੀ ਮੁੱਖ ਮੰਤਰੀ ਆਪਣੇ ਵੋਟਰਾਂ ਦੇ ਅਧਿਕਾਰਾਂ ਲਈ ਨਿੱਜੀ ਤੌਰ 'ਤੇ ਸੁਪਰੀਮ ਕੋਰਟ ਵਿੱਚ ਜਾ ਪੇਸ਼ ਹੋਈ, ਭਾਵੇਂ ਕਿ ਪੱਛਮੀ ਬੰਗਾਲ ਦੇ ਵੋਟਰਾਂ ਨੂੰ ਇਸ ਮਾਮਲੇ 'ਤੇ ਲੰਮੀ ਨਿਆਂਇਕ ਪ੍ਰਕਿਰਿਆ ਕਾਰਨ ਵੱਡਾ ਫ਼ਾਇਦਾ ਨਾ ਪੁੱਜ ਸਕਿਆ। ਇਹ ਵੇਖਣ ਵਾਲੀ ਗੱਲ ਹੈ ਕਿ ਚੋਣ ਕਮਿਸ਼ਨ ਨੇ ਵੋਟਰਾਂ ਦੇ ਕੇਸਾਂ ਦੇ ਨਿਪਟਾਰੇ ਲਈ ਨਾ ਤਾਮਿਲਨਾਡੂ ਵਿੱਚ ਅਤੇ ਨਾ ਹੀ ਪੱਛਮੀ ਬੰਗਾਲ ਵਿੱਚ ਸੰਜੀਦਗੀ ਦਿਖਾਈ।

ਅੰਦਾਜ਼ਾ ਹੈ ਕਿ ਜੇ 10 ਲੱਖ ਅਪੀਲਾਂ ਦਾ ਨਿਪਟਾਰਾ ਕਰਨਾ ਹੋਵੇ, ਤਾਂ 526 ਕੰਮ ਦੇ ਦਿਨ ਲੱਗਣਗੇ, ਜੋ ਦੋ ਸਾਲ ਤੋਂ ਵੱਧ ਸਮਾਂ ਹੈ। ਇਸ ਨਾਲ ਸਮਝਿਆ ਜਾ ਸਕਦਾ ਹੈ ਕਿ ਚੋਣ ਕਮਿਸ਼ਨ ਨੇ 27 ਲੱਖ ਮਾਮਲਿਆਂ ਦਾ ਨਿਪਟਾਰਾ ਕਿਵੇਂ ਕੀਤਾ ਹੋਵੇਗਾ ?

ਇਸ ਤਰ੍ਹਾਂ, ਲੱਖਾਂ ਵੋਟਰ, ਜਿਨ੍ਹਾਂ ਕੋਲ ਪੂਰੇ ਸਬੂਤ ਹਨ, ਲੋਕਤੰਤਰ ਦੇ ਇਸ ਮਹਾਨ ਕੁੰਭ ਵਿੱਚ ਹਿੱਸਾ ਲੈਣ ਤੋਂ ਵਾਂਝੇ ਰਹਿ ਜਾਣਗੇ। ਇਹ ਸਮਝਿਆ ਜਾ ਸਕਦਾ ਹੈ ਕਿ ਭਾਰਤੀ ਚੋਣ ਕਮਿਸ਼ਨ ਅਤੇ ਅਦਾਲਤਾਂ ਨੇ ਪੱਛਮੀ ਬੰਗਾਲ ਦੇ ਲੋਕਾਂ ਨੂੰ ਕਿੰਨੀ ਵੱਡੀ ਮੁਸੀਬਤ ਵਿੱਚ ਫਸਾ ਦਿੱਤਾ ਹੈ, ਉਹਨਾਂ ਵੋਟਰਾਂ ਨੂੰ ਜਿਹਨਾਂ ਵੋਟਰਾਂ ਕੋਲ ਪਾਤਰਤਾ ਦੇ ਪੱਕੇ ਸਬੂਤ ਹਨ। ਇਸ ਸਥਿਤੀ ਵਿੱਚ ਉਹ ਲੋਕਤੰਤਰ ਦੇ ਇਸ ਮਹਾਂਕੁੰਭ ਵਿੱਚ ਹਿੱਸਾ ਲੈਣ ਤੋਂ ਵਾਂਝੇ ਰਹਿ ਹੀ ਜਾਣਗੇ, ਅਗਲੇ ਦੋ ਸਾਲ ਵੀ ਮਤਦਾਨ ਦੇ ਅਧਿਕਾਰ ਤੋਂ ਵਿਰਵੇ ਰਹਿ ਜਾਣਗੇ।

ਭਾਰਤੀ ਚੋਣ ਕਮਿਸ਼ਨ ਗਦ-ਗਦ ਹੈ ਕਿ ਰਿਕਾਰਡ ਵੋਟਿੰਗ ਹੋਈ ਹੈ, ਪਰ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਉੱਤੇ ਗੰਭੀਰ ਸਵਾਲ ਖੜੇ ਹੋ ਰਹੇ ਹਨ । ਚੋਣ ਕਮਿਸ਼ਨ ਦੀ ਨਿਰਪੱਖਤਾ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆਂਦਾ ਜਾ ਰਿਹਾ ਹੈ।


ਇਹ ਹਾਲਾਤ ਦਰਸਾਉਂਦੇ ਹਨ ਕਿ ਚੋਣ ਕਮਿਸ਼ਨ ਸੁਤੰਤਰ ਸੰਸਥਾ ਨਹੀਂ ਰਹੀ, ਸਗੋਂ ਇੱਕ ਰਬੜ ਦੀ ਮੋਹਰ ਬਣ ਕੇ ਰਹਿ ਗਿਆ ਹੈ।

**# ਸੰਪਰਕ : 98158-02070**

# ਸਾਈਗੋਨ ਦੇ ਪਤਨ

**ਸੰਦੀਪ ਨਈਅਰ**

ਇਸ ਸਮੇਂ ਈਰਾਨ-ਅਮਰੀਕਾ ਵਿਚਾਲੇ ਹੋਈ ਜੰਗ 'ਤੇ ਦੁਨੀਆ ਭਰ ਦੀਆ ਨਜ਼ਰਾਂ ਟਿਕੀਆਂ ਹਨ । ਇਸ ਨੂੰ ਜੰਗ ਦੇ ਖਤਮ ਹੋਣ ਤੋਂ ਬਾਅਦ ਦੁਨੀਆ ਭਰ ਵਿਚ ਵੱਡੀਆਂ ਮਹਾਸ਼ਕਤੀਆਂ ਮਤਲਬ ਰੂਸ, ਅਮਰੀਕਾ ਤੇ ਚੀਨ ਦੇ ਵਿਚਾਲੇ ਸਾਰੇ ਸਮੀਕਰਣ ਵੀ ਬਦਲਣਗੇ। ਇਸ ਜੰਗ ਦੇ ਨਤੀਜੇ ਭਾਵੇਂ ਕੁਝ ਵੀ ਹੋਣ, ਪਰ ਇਸ ਵਿਚ ਅਮਰੀਕੀ ਸਾਮਰਾਜ ਦੀ ਧੌਂਸ ਨੂੰ ਵੱਡੀ ਸੱਟ ਲੱਗੀ ਹੈ। ਇਸ ਸਾਰੇ ਮਾਮਲੇ ਨੂੰ ਅਮਰੀਕਾ ਦੀ ਹਾਰ ਵਜੋਂ ਦੇਖਿਆ ਜਾ ਰਿਹਾ ਤੇ ਵਾਰ-ਵਾਰ ਵੀਅਤਨਾਮ ਵਿਚ ਅਮਰੀਕਾ ਦੀ ਸ਼ਰਮਨਾਕ ਹਾਰ ਨੂੰ ਯਾਦ ਕੀਤਾ ਜਾ ਰਿਹਾ ।ਵੀਅਤਨਾਮ ਯੁੱਧ ਵਿਚ ਅਮਰੀਕੀ ਅੰਬੈਸੀ ਦੀ ਇਕ ਫੋਟੋ ਜਿਸ ਨੂੰ ਸਾਈਗੋਨ ਦੇ ਪਤਨ ਵਜੋਂ ਜਾਣਿਆ ਜਾਂਦਾ, ਬਹੁਤ ਚਰਚਾ ਵਿਚ ਰਹੀ । ਇਹ ਪਿਕਚਰ 29 ਅਪ੍ਰੈਲ ਨੂੰ ਵੀਅਤਨਾਮ ਦੇ ਸ਼ਹਿਰ ਸਾਈਗੋਨ ਵਿਚ ਮੌਜੂਦ ਅਮਰੀਕੀ ਅੰਬੈਸੀ ਦੀ ਛੱਤ 'ਤੇ ਖੜ੍ਹੇ ਹੈਲੀਕਾਪਟਰ ਦੀ ਸੀ, ਜੋ ਕਿ ਆਪਣੀ ਆਖਰੀ ਫਲਾਈਟ ਲਈ ਤਿਆਰ ਸੀ। ਹੈਲੀਕਾਪਟਰ 'ਤੇ ਅਮਰੀਕੀ ਨਾਗਰਿਕਾਂ ਤੇ ਅਮਰੀਕੀ ਅਧਿਕਾਰੀਆਂ ਨੂੰ ਭੱਜ-ਨੱਠ ਦੀ ਹਾਲਤ ਵਿਚ ਚੜ੍ਹਾਇਆ ਜਾ ਰਿਹਾ ਸੀ । ਕੁਝ ਵੀਅਤਨਾਮੀ ਨਾਗਰਿਕ ਵੀ ਇਸ ਫਲਾਈਟ ਵਿਚ ਸਨ ਇਹ ਉਹ ਲੋਕ ਸਨ, ਜਿਹਨਾਂ ਨੇ 20 ਸਾਲ ਚੱਲੇ ਗ੍ਰਹਿ ਯੁੱਧ ਵਿਚ ਅਮਰੀਕੀ ਫੌਜ ਦਾ ਸਾਥ ਦਿੱਤਾ ਸੀ । ਇਸੇ ਅਮਰੀਕੀ ਅੰਬੈਸੀ ਦੀ ਬਾਹਰਲੀ ਕੰਧ 'ਤੇ ਸੈਂਕੜਿਆਂ ਦੀ ਗਿਣਤੀ ਵਿਚ ਕਈ ਵੀਅਤਨਾਮੀ ਲੋਕ ਧੱਕੇ ਨਾਲ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ । ਇਹਨਾਂ ਵੀਅਤਨਾਮੀ ਲੋਕਾਂ ਨੂੰ ਅਮਰੀਕੀ ਫੌਜ ਨੇ ਉਹਨਾਂ ਦੀਆਂ ਦਿੱਤੀਆਂ ਸੇਵਾਵਾਂ ਬਦਲੇ ਅਮਰੀਕਾ ਜਾਂ ਕਿਸੇ ਹੋਰ ਮੁਲਕ ਵਿਚ ਰਾਜਸੀ ਸ਼ਰਣ ਦੇਣ ਦਾ ਵਾਅਦਾ ਕੀਤਾ ਸੀ । 29 ਅਪ੍ਰੈਲ ਨੂੰ ਕਮਿਊਨਿਸਟ ਗੁਰੀਲਿਆਂ ਦੀ ਫੌਜ ਵੀਅਤ ਕਾਂਗ ਸਾਈਗੋਨ ਸ਼ਹਿਰ ਵਿਚ ਦਾਖ਼ਲ ਹੋ ਗਈ ਤੇ ਅਮਰੀਕੀ ਫੌਜ ਦੇ ਏਅਰ ਬੇਸ 'ਤੇ ਕਬਜ਼ਾ ਕਰ ਲਿਆ। ਹੁਣ ਅਮਰੀਕੀ ਅਧਿਕਾਰੀਆਂ ਤੇ ਹੋਰ ਅਮਰੀਕੀ ਵਫ਼ਾਦਾਰਾਂ ਲਈ ਇਕੋ ਜਗ੍ਹਾ ਅਮਰੀਕੀ ਅੰਬੈਸੀ ਹੀ ਰਹਿ ਗਈ ਸੀ, ਜਿੱਥੋਂ ਹੈਲੀਕਾਪਟਰ ਰਾਹੀਂ ਉਹਨਾਂ ਨੂੰ ਅਮਰੀਕੀ ਨੇਵੀ ਦੇ ਸ਼ਿਪ 'ਤੇ ਪਹੁੰਚਾਇਆ ਜਾ ਸਕਦਾ ਸੀ । ਸੋ ਇਸ ਕੰਮ ਲਈ ਅਪਰੇਸ਼ਨ ਚਲਾਇਆ ਗਿਆ, ਇਸ ਕੰਮ ਲਈ 30 ਹੈਲੀਕਾਪਟਰ ਨੂੰ ਲਗਾਇਆ ਗਿਆ ।



ਵੀਅਤਨਾਮ ਦੇ ਬਹਾਦਰ ਲੋਕ ਪਹਿਲਾਂ ਫਰਾਂਸੀਸੀ ਬਸਤੀਵਾਦ ਦੇ ਖਿਲਾਫ 20 ਸਾਲ ਲੜਦੇ ਰਹੇ, ਬਾਅਦ ਵਿਚ 1955 ਵਿਚ ਅਮਰੀਕਾ ਵੱਲੋਂ ਇਥੇ ਫੌਜੀ ਤੌਰ 'ਤੇ ਦਖ਼ਲ ਦੇਣ ਦਾ ਸਿਲਸਿਲਾ ਚਾਲੂ ਹੋਇਆ । ਫਰਾਂਸੀਸੀ ਬਸਤੀਵਾਦ ਦੇ ਖਿਲਾਫ ਹੋ ਚੀ ਮਿੰਨ ਦੀ ਅਗਵਾਈ ਵਿਚ ਕਮਿਊਨਿਸਟ ਗੁਰੀਲਿਆਂ ਵੱਲੋਂ ਉੱਤਰੀ ਵੀਅਤਨਾਮ 'ਤੇ ਕਬਜ਼ਾ ਕਰਕੇ ਸਰਕਾਰ ਬਣਾ ਲਈ ਸੀ, ਪਰ ਦੱਖਣੀ ਵੀਅਤਨਾਮ ਵਿਚ ਅਮਰੀਕਾ ਨੇ ਦੁਨੀਆ ਨੂੰ 'ਕਮਿਊਨਿਜ਼ਮ ਤੋਂ ਦੁਨੀਆ ਨੂੰ ਬਚਾਉਣ' ਦੇ ਨਾਂਅ 'ਤੇ ਦਖ਼ਲ ਦੇਣਾ ਸ਼ੁਰੂ ਕੀਤਾ । ਅਮਰੀਕਾ ਨੇ ਲੱਗਭੱਗ 27 ਲੱਖ ਸੈਨਿਕ ਵੀਅਤਨਾਮ ਭੇਜੇ ਸਨ।

1969 ਤੱਕ ਅਮਰੀਕੀ ਫੌਜੀਆਂ ਦੀ ਗਿਣਤੀ 6 ਲੱਖ ਦੇ ਕਰੀਬ ਪਹੁੰਚ ਗਈ ਸੀ।ਅਮਰੀਕਾ ਨੇ 'ਏਜੰਟ ਔਰੇਂਜ' ਵਰਗੇ ਖ਼ਤਰਨਾਕ ਰਸਾਇਣਾਂ ਦੀ ਵਰਤੋਂ ਕੀਤੀ, ਜਿਸ ਨਾਲ ਲੱਖਾਂ ਲੋਕ ਬਿਮਾਰ ਹੋਏ ਤੇ ਮਾਰੇ ਗਏ। ਅਮਰੀਕਾ ਕੋਲ ਆਧੁਨਿਕ ਹਥਿਆਰ ਅਤੇ ਹਵਾਈ ਜਹਾਜ਼ ਸਨ, ਪਰ ਵੀਅਤਨਾਮੀ ਫੌਜ (ਵੀਅਤ ਕਾਂਗ) ਨੇ ਗੁਰੀਲਾ ਜੰਗ ਅਤੇ ਧਰਤੀ ਹੇਠਲੀਆਂ ਲੰਬੀਆਂ ਸੁਰੰਗਾਂ (Cu Chi Tunnels) ਦੀ ਵਰਤੋਂ ਕੀਤੀ, ਜਿਸ ਨਾਲ ਅਮਰੀਕੀ ਫੌਜ ਨੂੰ ਜੰਗਲਾਂ ਵਿੱਚ ਲੜਨਾ ਮੁਸ਼ਕਲ ਹੋ ਗਿਆ।ਇਸ ਜੰਗ ਵਿੱਚ ਲੱਗਭੱਗ 58,000 ਅਮਰੀਕੀ ਸੈਨਿਕ ਮਾਰੇ ਗਏ। ਸਾਈਗੋਨ ਦੇ ਪਤਨ ਸਿਰਫ ਅਮਰੀਕੀ ਫੌਜ ਦੀ ਹਾਰ ਹੀ ਨਹੀਂ ਸੀ, ਸਗੋਂ ਵੀਅਤਨਾਮ ਦੇ ਗਰੀਬ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਸਾਮਰਾਜ ਨੂੰ ਦਿੱਤੇ ਸਬਕ ਵਜੋਂ ਵੀ ਯਾਦ ਕੀਤਾ ਜਾਵੇਗਾ ।

**# ਸੰਪਰਕ : 98783-15755**

# ਨਵੀਂ ਹਲਕਾਬੰਦੀ ਨਾਲ ਆਮ ਲੋਕਾਂ 'ਤੇ ਪਵੇਗਾ ਆਰਥਕ ਬੋਝ

**ਡਾਕਟਰ ਸੁਖਰਾਜ ਸਿੰਘ ਬਾਜਵਾ**

ਭਾਰਤ ਸਰਕਾਰ ਵੱਲੋਂ ਪ੍ਰਸਤਾਵਿਤ ਹਲਕਾਬੰਦੀ ਬਿੱਲ, ਜਿਸ ਦੀ ਅੱਜਕੱਲ੍ਹ ਬਹੁਤ ਜ਼ੋਰਾਂ-ਸ਼ੋਰਾਂ ਨਾਲ ਚਰਚਾ ਚੱਲ ਰਹੀ ਹੈ, ਬਾਰੇ ਆਮ ਲੋਕਾਂ ਨੂੰ ਸਿਰਫ ਏਨੀ ਕਿ ਜਾਣਕਾਰੀ ਹੈ ਕਿ ਇਸ ਦੇ ਨਾਲ ਮੈਂਬਰ ਪਾਰਲੀਮੈਂਟ ਦੀ ਗਿਣਤੀ ਵਧ ਜਾਵੇਗੀ । ਕੁਝ ਲੋਕ ਇਸ ਦੇ ਹੱਕ ਵਿੱਚ ਇਹ ਦਲੀਲ ਦੇਂਦੇ ਹਨ ਕਿ ਇਸ ਨਾਲ ਲੋਕ ਸਭਾ ਹਲਕੇ ਦਾ ਖੇਤਰਫਲ ਛੋਟਾ ਹੋ ਜਾਵੇਗਾ ਤੇ ਵਧੇਰੇ ਵਿਕਾਸ ਹੋ ਸਕੇਗਾ । ਮੈਂਬਰ ਪਾਰਲੀਮੈਂਟ ਲਈ ਆਪਣੇ ਹਲਕੇ ਤੱਕ ਪਹੁੰਚ ਸੁਖਾਲੀ ਹੋ ਜਾਵੇਗੀ ਤੇ ਆਮ ਲੋਕਾਂ ਦੀ ਮੈਂਬਰ ਤੱਕ । ਪਰ ਅਸਲ ਵਿੱਚ ਜੋ ਬੋਝ ਉਹਨਾਂ ਦੀ ਜੇਬ 'ਤੇ ਪੈਣਾ ਹੈ, ਇਸ ਬਾਰੇ ਉਹ ਨਹੀਂ ਸੋਚ ਰਹੇ । ਇਸ ਹਲਕਾਬੰਦੀ ਵਿਚ ਸਿਰਫ ਲੋਕ ਸਭਾ ਹੀ ਨਹੀਂ ਵਿਧਾਨ ਸਭਾ ਦੀਆਂ ਸੀਟਾਂ ਦੀ ਗਿਣਤੀ ਵੀ ਵਧੇਗੀ।

ਨਵੇਂ ਹਲਕੇ ਬਣਨ ਨਾਲ ਜਿੱਥੇ ਜ਼ਿਆਦਾ ਬੁਨਿਆਦੀ ਢਾਂਚੇ ਦੀ ਲੋੜ ਪੈਣੀ ਹੈ, ਉਥੇ ਨਵੇਂ ਮੈਂਬਰ ਪਾਰਲੀਮੈਂਟ ਅਤੇ ਮੈਂਬਰ ਵਿਧਾਨ ਸਭਾ ਲਈ ਜ਼ਿਆਦਾ ਸਟਾਫ਼ ਅਤੇ ਜ਼ਿਆਦਾ ਸੁਰੱਖਿਆ ਕਰਮੀਆਂ ਦੀ ਲੋੜ ਹੋਵੇਗੀ ਅਤੇ ਨਾਲ ਹੀ ਓਹਨਾਂ ਲਈ ਨਵੀਆਂ ਗੱਡੀਆਂ ਅਤੇ ਨਵੇਂ ਬੰਗਲੇ ਅਤੇ ਹਰ ਮਹੀਨੇ ਤਨਖਾਹ ਦੇ ਨਾਲ-ਨਾਲ ਉਹਨਾਂ ਲਈ ਉਹ ਭੱਤੇ, ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਵੀ ਨਹੀਂ, ਜਿਵੇਂ ਕਿ ਮੋਬਾਈਲ ਭੱਤਾ ਹੀ ਆਪਣੇ ਪੂਰੇ ਕਾਰਜਕਾਲ ਵਿੱਚ ਲੱਖਾਂ ਰੁਪਏ ਦਾ ਲੈ ਲੈਂਦੇ ਹਨ । ਆਪਣੇ ਨਾਲ-ਨਾਲ ਪਰਵਾਰ ਦੇ ਮੈਂਬਰਾਂ ਦੀ ਐਸ਼ੋ-ਇਸ਼ਰਤ ਲਈ ਵੀ ਸਰਕਾਰੀ ਫੰਡ ਵਿਚੋਂ ਹੀ ਪੈਸਾ ਅਤੇ ਇਲਾਜ ਵਿਦੇਸ਼ਾਂ ਵਿੱਚ ਜਾ ਕੇ ਕਰਵਾਉਣ ਲਈ ਵੀ ਸਰਕਾਰੀ ਫੰਡ ਵਿਚੋਂ ਪੈਸਾ।

ਵਰਤਮਾਨ ਵਿਚ ਲੋਕ ਸਭਾ ਦੇ 543 ਮੈਂਬਰ ਹਨ , ਹਲਕਾਬੰਦੀ ਤੋਂ ਬਾਅਦ ਇਹਨਾਂ ਦੀ ਗਿਣਤੀ 816 ਹੋ ਜਾਵੇਗੀ । 273 ਨਵੇਂ ਮੈਂਬਰਾਂ ਦਾ ਵਾਧਾ। ਇਸੇ ਤਰ੍ਹਾਂ ਰਾਜਾਂ ਦੇ ਵਿਧਾਨ ਸਭਾ ਖੇਤਰਾਂ ਦੀ ਗਿਣਤੀ ਵਿਚ ਵੀ 50 ਪ੍ਰਤੀਸ਼ਤ ਵਾਧੇ ਦਾ ਪ੍ਰਸਤਾਵ ਹੈ। ਸਾਰੇ ਰਾਜਾਂ ਨੂੰ ਮਿਲ ਕੇ ਵਰਤਮਾਨ ਵਿਚ 4123 ਮੈਂਬਰ ਵਿਧਾਨ ਸਭਾ ਹਨ । ਹਲਕਾ ਬੰਦੀ ਤੋਂ ਬਾਅਦ 2061 ਨਵੇਂ ਮੈਂਬਰ ਹੋਰ ਜੁੜ ਜਾਣਗੇ । ਇਸ ਤੋਂ ਇਲਾਵਾ ਰਾਜ ਸਭਾ ਦੇ ਮੈਂਬਰਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਜਾਵੇਗਾ । ਜੇਕਰ ਮੋਟਾ ਜਿਹਾ ਹਿਸਾਬ ਲਗਾਇਆ ਜਾਵੇ ਤਾਂ ਹਰੇਕ ਮੈਂਬਰ ਪਾਰਲੀਮੈਂਟ ਨੂੰ ਐੱਮ ਪੀ ਲੈਡ ਫੰਡ ਦੇ ਤੌਰ 'ਤੇ 5 ਕਰੋੜ ਰੁਪਏ ਮਿਲਦੇ ਹਨ, ਜੋ ਆਪਣੇ ਹਲਕੇ ਦੇ ਵਿਕਾਸ 'ਤੇ ਖਰਚ ਕਰਨ ਲਈ ਹੁੰਦੇ ਹਨ, ਓਹ ਅਲੱਗ ਗੱਲ ਹੈ ਕੇ ਇਹ ਫੰਡ ਕਦੀ ਵੀ ਹਲਕੇ ਦੇ ਵਿਕਾਸ ਤੇ ਪੂਰੇ ਖਰਚ ਨਹੀਂ ਕੀਤੇ ਜਾਂਦੇ । ਜੇਕਰ ਵਰਤਮਾਨ ਸਥਿਤੀ ਦੀ ਗੱਲ ਕਰੀਏ ਤਾਂ ਹਰੇਕ ਮੈਂਬਰ ਪਾਰਲੀਮੈਂਟ ਨੂੰ 5 ਕਰੋੜ ਦੇ ਹਿਸਾਬ ਨਾਲ 543 ਮੈਂਬਰਾਂ ਦਾ 2715 ਕਰੋੜ ਸਾਲ ਦਾ ਫੰਡ ਮਿਲਦਾ ਹੈ, ਜੇਕਰ 273 ਮੈਂਬਰ ਹੋਰ ਜੋੜ ਲਏ ਜਾਣ ਤਾਂ ਇਹ ਅੰਕੜਾ 4080 ਕਰੋੜ ਰੁਪਏ ਸਾਲ ਦਾ ਬਣਦਾ ਹੈ, ਮਤਲਬ ਸਿੱਧਾ ਹੈ ਕਿ ਇਕੱਲੇ mplad ਫੰਡ ਕਰਕੇ ਹੀ 1365 ਕਰੋੜ ਦਾ ਬੋਝ ਆਮ ਜਨਤਾ ਸਿਰ। ਜੇਕਰ ਹੁਣ ਤਨਖਾਹਾਂ ਦੀ ਗੱਲ ਕਰੀਏ ਤਾਂ ਸਾਰੇ ਭੱਤੇ ਆਦਿ ਮਿਲਾ ਕੇ ਇਕ ਸਾਂਸਦ ਸਾਲ ਦਾ 65 ਤੋਂ 70 ਲੱਖ ਘੱਟੋ-ਘੱਟ ਲੈਂਦਾ ਹੈ, ਜੇਕਰ ਹਲਕਾਬੰਦੀ ਕਾਰਨ ਵਧ ਰਹੇ ਸਾਂਸਦਾਂ ਦੀ ਗੱਲ ਕਰ ਲਈਏ ਤਾਂ 19110 ਕਰੋੜ ਸਾਲਾਨਾ ਦਾ ਵਾਧੂ ਬੋਝ ਆਮ ਟੈਕਸ ਦੇਣ ਵਾਲੇ ਉੱਤੇ ਪਏਗਾ । ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਲਾਭ ਹਨ, ਜੋ ਇਕ ਸਾਂਸਦ ਲੈਂਦਾ ਹੈ, ਜਿਵੇਂ ਕੇ ਪਾਰਲੀਮੈਂਟ ਸੈਸ਼ਨ ਦੌਰਾਨ 2500 ਰੁਪਏ ਰੋਜ਼ਾਨਾ ਭੱਤਾ ਅਤੇ ਕਰੀਬ 35 ਘਰੇਲੂ ਉਡਾਨਾਂ ਵੀ ਮੁਫ਼ਤ । ਹਲਕਾਬੰਦੀ ਕਾਰਨ ਜੇਕਰ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ ਵਿਚ ਜੋ ਵਾਧਾ ਹੋਣਾ ਹੈ, ਉਸ ਦੇ ਖਰਚੇ ਵੀ ਜੋੜ ਲਏ ਜਾਣ ਤਾਂ ਸਟੇਟ ਉਪਰ ਪੈਣ ਵਾਲਾ ਬੋਝ ਲਗਭਗ 7000 ਤੋਂ 8000 ਕਰੋੜ ਸਾਲਾਨਾ ਹੋਵੇਗਾ । ਇਸ ਤੋਂ ਇਲਾਵਾ ਨਵੇਂ ਵਿਧਾਇਕਾਂ ਲਈ ਸਟਾਫ਼, ਮਕਾਨ , ਬਿਜਲੀ , ਟੈਲੀਫੋਨ ਆਦਿ ਦੇ ਖਰਚੇ ਹੋਣ ਕਰਕੇ ਜੋ ਬੋਝ ਪਵੇਗਾ, ਉਸ ਨਾਲ ਰਾਜ ਹੋਰ ਜ਼ਿਆਦਾ ਕਰਜ਼ੇ ਦੀ ਮਾਰ ਹੇਠ ਆਉਣਗੇ। ਬੇਸ਼ੱਕ ਸਰਕਾਰਾਂ ਦੀਆਂ ਨੀਤੀਆਂ ਮੁਲਾਜ਼ਮਾਂ ਨੂੰ ਸੇਵਾਮੁਕਤੀ ਤੋਂ ਬਾਅਦ ਪੈਨਸ਼ਨ ਨਾ ਦੇਣ ਦੀਆਂ ਹਨ, ਪਰ 5 ਸਾਲ ਦਾ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਹਰੇਕ ਸਾਂਸਦ ਅਤੇ ਵਿਧਾਇਕ ਪੈਨਸ਼ਨ ਦਾ ਹੱਕਦਾਰ ਹੋ ਜਾਂਦਾ ਹੈ ਅਤੇ ਜੀਵਨ ਭਰ ਪੈਨਸ਼ਨ ਲੈਂਦਾ ਹੈ। ਹੋਰ ਨਵੇਂ ਸਾਂਸਦ ਅਤੇ ਵਿਧਾਇਕ ਵੀ ਇਸੇ ਤਰ੍ਹਾਂ ਪੈਨਸ਼ਨ ਦੇ ਹੱਕਦਾਰ ਹੋਣਗੇ ਅਤੇ ਇਹਨਾਂ ਪੈਨਸ਼ਨ ਧਾਰਕਾਂ ਦੀ ਗਿਣਤੀ ਵਧਣ ਨਾਲ ਇਹਨਾਂ ਦੀ ਪੈਨਸ਼ਨ ਦਾ ਭਾਰ ਵੀ ਆਮ ਜਨਤਾ ਨੂੰ ਹੀ ਚੁੱਕਣਾ ਪੈਣਾ ਹੈ।

ਇਸ ਸਭ ਦਾ ਅਸਰ ਵਿਕਾਸ ਕਾਰਜਾਂ ਉਪਰ ਦੇਖਣ ਨੂੰ ਮਿਲੇਗਾ, ਕਿਉਂਕਿ ਵਿਕਾਸ ਕਾਰਜਾਂ ਲਈ ਫੰਡ ਦੀ ਥੋੜ ਹੋਵੇਗੀ । ਇਸ ਸਭ ਨਾਲ ਬਣਨ ਵਾਲੇ ਸਾਂਸਦ ਤੇ ਵਿਧਾਇਕ ਦੇ ਜੀਵਨ 'ਤੇ ਤਾਂ ਕੋਈ ਅਸਰ ਨਹੀਂ ਹੋਵੇਗਾ, ਪਰ ਆਮ ਜਨਤਾ ਦਾ ਜੀਵਨ ਜ਼ਰੂਰ ਦੁਸ਼ਵਾਰ ਹੋਵੇਗਾ । ਟੁੱਟੀਆਂ ਸੜਕਾਂ ਤੇ ਉਡਣ ਵਾਲੀ ਧੂੜ ਆਮ ਲੋਕਾਂ ਨੂੰ ਹੀ ਫੱਕਣੀਂ ਪੈਣੀ । ਆਮ ਜਨਤਾ ਦੀ ਸਿਹਤ 'ਤੇ ਵੀ ਇਸ ਦਾ ਪ੍ਰਭਾਵ ਵੇਖਣ ਨੂੰ ਮਿਲੇਗਾ, ਕਿਉਂਕਿ ਟੈਕਸ ਵਧਣ ਨਾਲ ਮਹਿੰਗਾਈ ਦੀ ਮਾਰ ਆਮ ਜਨਤਾ 'ਤੇ ਪਵੇਗੀ, ਜਿਸ ਨਾਲ ਉਸ ਦੀ ਮਾਨਸਿਕ ਅਤੇ ਸਰੀਰਕ ਸਿਹਤ ਵਿਗੜੇਗੀ। ਸਾਂਸਦ ਅਤੇ ਵਿਧਾਇਕ ਤਾਂ ਸਰਕਾਰੀ ਖਰਚ 'ਤੇ ਆਪਣਾ ਇਲਾਜ ਦੇਸ਼ ਦੇ ਮਹਿੰਗੇ ਹਸਪਤਾਲਾਂ ਵਿਚ ਜਾਂ ਵਿਦੇਸ਼ਾਂ ਵਿੱਚ ਵੀ ਜਾ ਕੇ ਕਰਵਾ ਲੈਣਗੇ, ਪਰ ਆਮ ਜਨਤਾ ਕਿੱਥੇ ਜਾਵੇਗੀ ।

ਇਸ ਸਭ ਦਾ ਸਭ ਤੋਂ ਵੱਧ ਅਸਰ ਵੀ ਨੌਕਰੀਪੇਸ਼ਾ ਲੋਕਾਂ 'ਤੇ ਹੀ ਪਵੇਗਾ, ਕਿਉਂਕਿ ਜੇਬ ਤਾਂ ਉਹਨਾਂ ਦੀ ਹੀ ਲੁੱਟੀ ਜਾਵੇਗੀ । ਇੱਕ ਨੌਕਰੀਪੇਸ਼ਾ ਹੀ ਉਹ ਕਲਾਸ ਹੈ, ਜੋ ਇਮਾਨਦਾਰੀ ਨਾਲ ਸਰਕਾਰ ਨੂੰ ਟੈਕਸ ਦਿੰਦੀ ਹੈ ਤੇ ਸਭ ਤੋਂ ਵੱਧ ਲੁੱਟ ਵੀ ਇਸੇ ਜਮਾਤ ਦੀ ਹੁੰਦੀ ਹੈ, ਖ਼ਾਸ ਕਰਕੇ ਗਰੁੱਪ ਸੀ ਅਤੇ ਡੀ ਦੇ ਕਰਮਚਾਰੀਆਂ ਦੀ । ਜੇਕਰ ਇਹਨਾਂ ਸਾਂਸਦਾਂ ਅਤੇ ਵਿਧਾਇਕਾਂ ਦੀ ਗਿਣਤੀ ਹੋਰ ਵਧ ਜਾਂਦੀ ਹੈ ਤਾਂ ਪੁਲਸ ਬਲ ਤਾਂ ਇਹਨਾਂ ਦੀ ਸੁਰੱਖਿਆ ਵਿੱਚ ਹੀ ਲੱਗੇ ਰਹਿਣਗੇ ਤਾਂ ਆਮ ਜਨਤਾ ਦੀ ਸੁਰੱਖਿਆ ਨੂੰ ਕੌਣ ਸੁਨਿਸਚਿਤ ਕਰੇਗਾ ।ਇਸ ਨਾਲ ਕ੍ਰਾਈਮ ਵਿਚ ਹੋਰ ਵਾਧਾ ਹੋਵੇਗਾ, ਕਿਉਂਕਿ ਕ੍ਰਿਮੀਨਲ ਲੋਕਾਂ ਦੇ ਹੌਂਸਲੇ ਬੁਲੰਦ ਹੋਣਗੇ ਤੇ ਉਹਨਾਂ ਨੂੰ ਫੜਨ ਵਾਲੀ ਪੁਲਸ ਤਾਂ ਪਹਿਲਾਂ ਹੀ ਲੀਡਰਾਂ ਦੀ ਰਾਖੀ ਵਿੱਚ ਰੁਝੀ ਹੋਈ ਹੈ। ਹਲਕਾਬੰਦੀ ਬਿੱਲ ਦਾ ਕੁਝ ਵਿਰੋਧੀ ਪਾਰਟੀਆਂ ਵੱਲੋਂ ਵਿਰੋਧ ਵੀ ਕੀਤਾ ਜਾ ਰਿਹਾ ਹੈ, ਪਰ ਉਸ ਵਿਰੋਧ ਦਾ ਅਸਲੀ ਕਾਰਨ ਇਹ ਹੈ ਕਿ ਇਹਨਾਂ ਨੂੰ ਡਰ ਹੈ ਕਿ ਸੱਤਾ ਵਿਚ ਬੈਠੀ ਪਾਰਟੀ ਅਪਣੀ ਮਨ ਮੁਤਾਬਕ ਨਵੇਂ ਹਲਕੇ ਬਣਾਏਗੀ, ਜਿਸ ਨਾਲ ਚੋਣਾਂ ਵਿਚ ਉਸ ਨੂੰ ਫਾਇਦਾ ਹੋ ਸਕੇ । ਆਮ ਜਨਤਾ 'ਤੇ ਕੋਈ ਆਰਥਿਕ ਬੋਝ ਨਾ ਪਵੇ ਅਤੇ ਦੇਸ਼ ਦਾ ਵਿਕਾਸ ਸੁਚਾਰੂ ਰੂਪ ਵਿਚ ਹੋ ਸਕੇ, ਇਸ ਲਈ ਹਲਕਾਬੰਦੀ ਨਾਲੋਂ ਜ਼ਰੂਰੀ ਹੈ ਕਿ ਜਿੰਨੇ ਵੀ ਮੌਜੂਦਾ ਗਿਣਤੀ ਵਿੱਚ ਸਾਂਸਦ ਅਤੇ ਵਿਧਾਇਕ ਹਨ, ਉਹ ਆਪਣਾ ਕੰਮ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕਰਨ, ਤਾਂ ਦੇਸ਼ ਤਰੱਕੀ ਦੀ ਰਾਹ 'ਤੇ ਤੁਰ ਸਕਦਾ ਹੈ।

**# ਸੰਪਰਕ : 78886-84597**

## ਪਾਠਕ-ਸੱਥ

### ਇਨਸਾਨੀਅਤ ਸ਼ਰਮਸਾਰ ਹੋਈ

ਪੈਸੇ ਅਤੇ ਤਕਨਾਲੋਜੀ ਦੀ ਅੰਨ੍ਹੀ ਭੱਜ-ਦੌੜ ਵਿੱਚ ਇਨਸਾਨੀਅਤ ਅਤੇ ਮਨੁੱਖਤਾ ਕਿਧਰੇ ਖੰਭ ਲਾ ਕੇ ਉੱਡ ਗਈ ਜਾਪਦੀ ਹੈ।ਨੈਤਿਕ ਕਦਰਾਂ-ਕੀਮਤਾਂ, ਦਇਆ ਅਤੇ ਹਮਦਰਦੀ ਹੁਣ ਕੇਵਲ ਪਾਠ ਪੁਸਤਕਾਂ ਦਾ ਹਿੱਸਾ ਬਣ ਕੇ ਰਹਿ ਗਈਆਂ ਹਨ। ਇਨਸਾਨ ਦੀ ਸੋਚ ਕਿੰਨੀ ਸੌੜੀ ਹੋ ਗਈ ਹੈ ਇਸਦਾ ਅੰਦਾਜ਼ਾ ਉਡੀਸ਼ਾ ਦੇ ਭੁਬਨੇਸ਼ਵਰ ਵਿੱਚ ਵਾਪਰੀ ਇੱਕ ਘਟਨਾ ਤੋਂ ਲਗਾਇਆ ਜਾ ਸਕਦਾ ਹੈ, ਜਿਥੇ ਇੱਕ ਭਰਾ ਆਪਣੀ ਮਰੀ ਹੋਈ ਭੈਣ ਦੇ ਖਾਤੇ ਵਿੱਚ ਪਈ ਰਕਮ ਜੋ ਕਿ ਲੱਗਭਗ ਵੀਹ ਹਜ਼ਾਰ ਰੁਪਏ ਦੇ ਕਰੀਬ ਸੀ ਕਢਵਾਉਣਾ ਚਾਹੁੰਦਾ ਸੀ ਤਾਂ ਜੋ ਕੁੱਝ ਆਰਥਿਕ ਮਦਦ ਹੋ ਸਕੇ।ਬੈਂਕ ਵਾਲਿਆਂ ਨੇ ਉਸ ਤੋਂ ਸਬੂਤ ਮੰਗਿਆ,ਉਹ ਵਿਚਾਰਾ ਪ੍ਰੇਸ਼ਾਨ ਹੋ ਕੇ ਆਪਣੀ ਮਰੀ ਹੋਈ ਭੈਣ ਦਾ ਪਿੰਜਰ ਹੀ ਕਬਰ ਵਿੱਚੋਂ ਕੱਢ ਕੱਪੜੇ ਵਿੱਚ ਵਲ੍ਹੇਟ ਕੇ ਲੈ ਗਿਆ ਅਤੇ ਬੈਂਕ ਵਾਲਿਆਂ ਨੂੰ ਕਹਿੰਦਾ ਲਉ ਜੀ ਸਬੂਤ। ਕਿਸੇ ਦਾ ਇਹੋ ਜਿਹਾ ਕੰਮ ਕਰਨ ਨੂੰ ਜੀਅ ਨਹੀਂ ਕਰਦਾ, ਜੋ ਕਿਸੇ ਮਰੇ ਹੋਏ ਵਿਅਕਤੀ ਦੀ ਮਿੱਟੀ ਪਲੀਤ ਕਰੇ। ਉਸ ਵਿਅਕਤੀ ਤੇ ਕੀ ਬੀਤੀ ਹੋਵੇਗੀ ਇਹ ਤਾਂ ਓਹੀ ਜਾਣਦਾ ਹੈ, ਪਰੰਤੂ ਇਹ ਘਟਨਾ ਦੇਖ ਕੇ ਦਿਲ ਵਿੱਚ ਡੂੰਘੀ ਚੀਸ ਪੈਂਦੀ ਹੈ ਅਤੇ ਮਨ ਚਿੰਤਾ ਵਿੱਚ ਡੁੱਬ ਕੇ ਚਿੰਤਨ ਕਰਨ ਲਈ ਮਜਬੂਰ ਕਰਦਾ ਹੈ ਕਿ ਅਸੀਂ ਕਿੱਧਰ ਨੂੰ ਜਾ ਰਹੇ ਹਾਂ।ਮਸਲਾ ਤਾਂ ਦੋ ਰੋਟੀਆਂ ਦਾ ਹੈ। ਜ਼ਮੀਨ ਜਾਇਦਾਦ ਅਤੇ ਪੈਸਾ ਨਾ ਤਾਂ ਕੋਈ ਕਬਰ ਵਿੱਚ ਲਿਜਾਂਦਾ ਦੇਖਿਆ ਹੈ ਅਤੇ ਨਾ ਕੋਈ ਭਵਿੱਖ ਵਿੱਚ ਲੈ ਕੇ ਜਾਵੇਗਾ। ਅਸੀਂ ਤਰੱਕੀ ਅਤੇ ਸਮੇਂ ਦੇ ਹਾਣੀ ਜਿੰਨਾ ਮਰਜ਼ੀ ਬਣ ਜਾਈਏ, ਪ੍ਰੰਤੂ ਮਨੁੱਖਤਾ ਨੂੰ ਜਿਉਂਦੇ ਰੱਖਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਸਾਡੇ ਮਨੁੱਖ ਅਤੇ ਜਿਉਂਦੇ ਹੋਣ ਦਾ ਪੱਕਾ ਸਬੂਤ ਹੈ।

**-ਰਜਵਿੰਦਰ ਪਾਲ ਸ਼ਰਮਾ**, 7087367969

### 'ਓਹਦੇ ਬੀਬੇ ਰਾਣੇ ਪੁੱਤ ਬਣ ਜਾਈਏ'

ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਉਸ ਦੀਆਂ ਤਮਾਮ ਲੋੜਾਂ ਦੀ ਪੂਰਤੀ ਕਰਨ ਵਾਲੀ ਉਸ ਦੀ ਧਰਤੀ ਮਾਤਾ ਅੱਜਕੱਲ੍ਹ ਬੇਹੱਦ ਪਰੇਸ਼ਾਨ ਤੇ ਦੁਖੀ ਹੈ, ਕਿਉਕਿ ਉਸਦੀ ਲਾਡਲੀ ਸੰਤਾਨ ਮਨੁੱਖ ਆਪਣੀ ਸਵਾਰਥੀ ਫਿਤਰਤ, ਫੋਕੀ ਸ਼ੋਹਰਤ ਕਰਕੇ ਦਿਨ ਬਾ ਦਿਨ ਆਪਣੀ ਧਰਤੀ ਮਾਂ ਨੂੰ ਪਲੀਤ ਕਰਨ 'ਚ ਜੁਟਿਆ ਹੈ। ਇਹ ਸਮਝਦਾਰ ਪ੍ਰਾਣੀ ਦੀ ਮੱਤ ਇਸ ਤੱਥ ਤੋਂ ਬਿਲਕੁਲ ਅਵੇਸਲੀ ਹੈ ਕਿ ਜੇਕਰ ਧਰਤੀ ਨੂੰ ਉਸ ਨੇ ਆਪਣੀਆਂ ਆਪੋ-ਹੁਦਰੀਆਂ ਕਾਰਨ ਨਰਕ ਬਣਾ ਦਿੱਤਾ ਤਾਂ ਖੁਦ ਇੱਥੇ ਕਿਵੇਂ ਰਹੇਗਾ ? ਉਸ ਦੇ ਵੰਸ਼ਜ ਕੀ ਸੋਚਣਗੇ ਕਿ ਵਿਰਾਸਤ ਵਿਚ ਸਾਡੇ ਪੁਰਖਿਆਂ ਨੇ ਸਾਡੇ ਲਈ ਇਹ ਜ਼ਹਿਰੀਲਾ ਮਾਹੌਲ ਛੱਡਿਆ ਹੈ ? ਜਿੱਥੇ ਸਾਹ ਲੈਣਾ ਵੀ ਦੁਸ਼ਵਾਰ ਹੈ। ਧਰਤੀ ਮਾਂ ਦੀ ਸਹਿਣਸ਼ੀਲਤਾ ਨੂੰ ਪਰਖਣਾ ਮਨੁੱਖ ਦੀ ਇੱਕ ਵੱਡੀ ਖਤਾ ਸਿੱਧ ਹੋਵੇਗੀ, ਜਿਸ ਦਾ ਖਮਿਆਜ਼ਾ ਸਮੁੱਚੀ ਮਨੁੱਖ ਜਾਤੀ ਨੂੰ ਭੁਗਤਨਾ ਪਵੇਗਾ, ਗੌਰ ਕੀਤਾ ਜਾਵੇ ਤਾਂ ਇਸ ਦੇ ਕੁਝ ਸੰਕੇਤ ਮਿਲਣ ਵੀ ਲੱਗੇ ਹਨ, ਪਰ ਇਹ ਢੀਠ ਪ੍ਰਾਣੀ ਅਜੇ ਇਸਤੋ ਕੋਈ ਸਬਕ ਲੈਣ ਦੇ ਮੂਡ ਵਿਚ ਨਹੀਂ ਜਾਪਦਾ। ਸੋ ਅਜੇ ਵੀ ਸਮਾਂ ਹੈ ਕਿ ਆਪਣੀ ਧਰਤ ਮਾਤਾ ਦੀਆਂ ਦਿੱਤੀਆਂ ਜੀਵਨ ਰੂਪੀ ਨੇਮਤਾਂ ਦੀ ਕਦਰ ਕਰੀਏ, ਆਪਣੇ ਸੁਭਾਅ ਨੂੰ ਸਵਾਰਥੀ ਨਹੀਂ ਬਲਕਿ ਧੰਨਵਾਦੀ ਬਣਾਈਏ, ਧਰਤੀ ਨੂੰ ਉਸ ਦੇ ਅਸਲ ਸੁਹੱਪਣ ਨਾਲ ਸਜਾਈਏ, ਆਪਣੀਆਂ ਪੀੜ੍ਹੀਆਂ ਲਈ ਵਿਰਾਸਤ 'ਚ ਇੱਕ ਨਰੋਆ ਵਾਤਾਵਰਣ ਸਿਰਜ ਜਾਈਏ, ਰੁੱਸੀ ਧਰਤੀ ਮਾਂ ਨੂੰ ਮਨਾਈਏ, ਇਸ ਦੇ ਬੀਬੇ ਰਾਣੇ ਪੁੱਤ ਬਣ ਜਾਈਏ।

**-ਨੀਲ ਕਮਲ ਰਾਣਾ ਦਿੜ੍ਹਬਾ**, 98151-71874

रजिस्ट्री सं. डी.एल.-33004/99 Regd. No. D.L.-33004/99

सत्यमेव जयते

# भारत का राजपत्र
# The Gazette of India

सी.जी.-डी.एल.-अ.-24042026-272054
CG-DL-E-24042026-272054

असाधारण
EXTRAORDINARY
भाग II—खण्ड 3—उप-खण्ड (ii)
Part II-Section 3-Sub-section (ii)
प्राधिकार से प्रकाशित
PUBLISHED BY AUTHORITY

सं. 1982] नई दिल्ली, बृहस्पतिवार, अप्रैल 23, 2026 / बैशाख 3, 1948
No. 1982] NEW DELHI, THURSDAY, APRIL 23, 2026/VAISAKHA 3, 1948

## रेल मंत्रालय
[(उत्तर रेलवे (निर्माण संगठन)]

## अधिसूचना

नई दिल्ली, 23 अप्रैल, 2026

**का.आ. 2055(अ).**—केन्द्रीय सरकार, रेलवे अधिनियम, 1989 (1989 का 24) (जिसे इसके पश्चात उक्त अधिनियम कहा गया है) की धारा 20 क की उपधारा (1) द्वारा प्रदत्त शक्तियों का प्रयोग करते हुए, केंद्र सरकार, इस बात से संतुष्ट होने के पश्चात कि लोक प्रयोजन हेतु, वह भूमि, जिसका संक्षिप्त विवरण उपाबद्ध अनुसूची में दिया गया है, विशेष रेलवे परियोजना अधिसूचना संख्या S.O. 4854(E) दिनांक 24 अक्टूबर 2025, अर्थात् **राजपुरा-मोहाली नई रेल लाइन (18.11 कि.मी.)** (उत्तरी रेलवे), जिला साहिबजादा अजीत सिंह नगर, पंजाब राज्य में, के निष्पादन हेतु आवश्यक है, एतद्वारा उक्त भूमि के अधिग्रहण का अपना अभिप्राय घोषित करती है।

उक्त भूमि में रुचि रखने वाला कोई भी व्यक्ति, इस अधिसूचना के राजपत्र में प्रकाशन की तिथि से 30 दिनों की अवधि के भीतर, उक्त उद्देश्य हेतु भूमि के अधिग्रहण के विरुद्ध, उक्त अधिनियम की धारा 20डी के अंतर्गत आपत्ति प्रस्तुत कर सकता है।

**प्रत्येक आपत्ति सक्षम प्राधिकारी, अर्थात् उप-मंडल दंडाधिकारी, बनुड, जिला-साहिबजादा अजीत सिंह नगर, पंजाब,** को लिखित रूप में प्रस्तुत की जाएगी तथा उसमें आपत्ति के आधार स्पष्ट रूप से उल्लेखित होंगे। सक्षम प्राधिकारी आपत्तिकर्ता को, व्यक्तिगत रूप से अथवा विधिक अभिकर्ता के माध्यम से, सुनवाई का अवसर प्रदान करेगा तथा सभी आपत्तियों की सुनवाई करने एवं आवश्यक समझे जाने पर अतिरिक्त जांच करने के पश्चात, आदेश द्वारा आपत्ति को स्वीकार या अस्वीकार कर सकेगा।

उक्त अधिनियम की धारा 20 डी की उपधारा (2) के अंतर्गत सक्षम प्राधिकारी द्वारा पारित किया गया कोई भी आदेश अंतिम होगा। इस अधिसूचना के अंतर्गत आने वाली भूमि के नक्शे एवं अन्य विवरण सक्षम प्राधिकारी के उपर्युक्त कार्यालय में उपलब्ध हैं तथा इच्छुक व्यक्ति द्वारा उनका निरीक्षण किया जा सकता है।

### अनुसूची

**पंजाब राज्य के साहिबजादा अजीत सिंह नगर, जिला में राजपुरा-मोहाली नई रेलवे लाइन (18.11 कि०मी०), उत्तर रेलवे के लिए, संरचना के साथ या बिना अर्जन की जाने वाली भूमि का संक्षिप्त विवरण।**

| .क्र स. | जिला | तहसील/ उप तहसील | गाँव | खसरा संख्या | भूमि का प्रकार | भूमि की प्रकृति | भूमि अर्जन का क्षेत्रफल | |
|---|---|---|---|---|---|---|---|---|
| | | | | | | | बिस्वा | हेक्टेयर |
| 1 | साहिबजादा अजीत सिंह नगर | बनुड | तसुली (273) | 636 | चाही | निजी | 12 | 0.0506 |
| 2 | साहिबजादा अजीत सिंह नगर | बनुड | तसुली (273) | 632 | चाही | निजी | 19 | 0.0801 |
| 3 | साहिबजादा अजीत सिंह नगर | बनुड | तसुली (273) | 633 | चाही | निजी | 88 | 0.3709 |
| 4 | साहिबजादा अजीत सिंह नगर | बनुड | तसुली (273) | 635 | चाही | निजी | 57 | 0.2403 |
| 5 | साहिबजादा अजीत सिंह नगर | बनुड | तसुली (273) | 647 | गैर मुमकिन, चाही | निजी | 6 | 0.0253 |
| 6 | साहिबजादा अजीत सिंह नगर | बनुड | तसुली (273) | 630 | गैर मुमकिन, चाही | निजी | 48 | 0.2023 |
| 7 | साहिबजादा अजीत सिंह नगर | बनुड | तसुली (273) | 629 | चाही | निजी | 80 | 0.3372 |
| 8 | साहिबजादा अजीत सिंह नगर | बनुड | तसुली (273) | 634 | चाही | निजी | 51 | 0.2150 |
| 9 | साहिबजादा अजीत सिंह नगर | बनुड | तसुली (273) | 648 | चाही | निजी | 29 | 0.1222 |
| 10 | साहिबजादा अजीत सिंह नगर | बनुड | तसुली (273) | 625 | चाही | निजी | 17 | 0.0717 |
| 11 | साहिबजादा अजीत सिंह नगर | बनुड | तसुली (273) | 1513/ 661/1 | चाही | निजी | 18 | 0.0759 |
| 12 | साहिबजादा अजीत सिंह नगर | बनुड | तसुली (273) | 1514/ 661/2 | चाही | निजी | 62 | 0.2613 |
| 13 | साहिबजादा अजीत सिंह नगर | बनुड | तसुली (273) | 659/1-2 | गैर मुमकिन | निजी | 5 | 0.0211 |
| 14 | साहिबजादा अजीत सिंह नगर | बनुड | तसुली (273) | 1511/ 660/1 | चाही | निजी | 57 | 0.2403 |
| 15 | साहिबजादा अजीत सिंह नगर | बनुड | तसुली (273) | 1511/ 660/2 | चाही | निजी | 18 | 0.0759 |
| 16 | साहिबजादा अजीत सिंह नगर | बनुड | तसुली (273) | 658 | चाही | निजी | 40 | 0.1686 |
| 17 | साहिबजादा अजीत सिंह नगर | बनुड | तसुली (273) | 651 | गैर मुमकिन | राजकीय | 9 | 0.0379 |
| 18 | साहिबजादा अजीत सिंह नगर | बनुड | तसुली (273) | 624 | गैर मुमकिन | राजकीय | 20 | 0.0843 |
| 19 | साहिबजादा अजीत सिंह नगर | बनुड | तसुली (273) | 649 | चाही | निजी | 74 | 0.3119 |
| 20 | साहिबजादा अजीत सिंह नगर | बनुड | तसुली (273) | 628 | चाही | निजी | 63 | 0.2655 |
| 21 | साहिबजादा अजीत सिंह नगर | बनुड | तसुली (273) | 626 | चाही | निजी | 15 | 0.0632 |
| 22 | साहिबजादा अजीत सिंह नगर | बनुड | तसुली (273) | 627 | चाही | निजी | 1 | 0.0042 |
| 23 | साहिबजादा अजीत सिंह नगर | बनुड | तसुली (273) | 687 | चाही | निजी | 11 | 0.0464 |
| 24 | साहिबजादा अजीत सिंह नगर | बनुड | तसुली (273) | 1507- 1508/655 | चाही | निजी | 80 | 0.3372 |
| 25 | साहिबजादा अजीत सिंह नगर | बनुड | तसुली (273) | 656/1 | चाही | निजी | 40 | 0.1686 |
| 26 | साहिबजादा अजीत सिंह नगर | बनुड | तसुली (273) | 656/2 | चाही | निजी | 40 | 0.1686 |
| 27 | साहिबजादा अजीत सिंह नगर | बनुड | तसुली (273) | 657 | चाही | निजी | 76 | 0.3203 |
| 28 | साहिबजादा अजीत सिंह नगर | बनुड | तसुली (273) | 650 | चाही | निजी | 27 | 0.1138 |
| 29 | साहिबजादा अजीत सिंह नगर | बनुड | तसुली (273) | 690 | चाही | निजी | 7 | 0.0295 |
| 30 | साहिबजादा अजीत सिंह नगर | बनुड | तसुली (273) | 689 | चाही | निजी | 77 | 0.3246 |
| 31 | साहिबजादा अजीत सिंह नगर | बनुड | तसुली (273) | 688 | चाही | निजी | 80 | 0.3372 |
| 32 | साहिबजादा अजीत सिंह नगर | बनुड | तसुली (273) | 1505/654/1 | चाही | निजी | 40 | 0.1686 |
| 33 | साहिबजादा अजीत सिंह नगर | बनुड | तसुली (273) | 1506/654/2 | चाही | निजी | 40 | 0.1686 |
| 34 | साहिबजादा अजीत सिंह नगर | बनुड | तसुली (273) | 653 | चाही | निजी | 8 | 0.0337 |
| 35 | साहिबजादा अजीत सिंह नगर | बनुड | तसुली (273) | 622 | चाही | निजी | 1 | 0.0042 |
| 36 | साहिबजादा अजीत सिंह नगर | बनुड | तसुली (273) | 581 | चाही | निजी | 26 | 0.1096 |
| 37 | साहिबजादा अजीत सिंह नगर | बनुड | तसुली (273) | 580 | गैर मुमकिन, चाही | निजी | 35 | 0.1475 |
| 38 | साहिबजादा अजीत सिंह नगर | बनुड | तसुली (273) | 579 | चाही | निजी | 25 | 0.1054 |
| 39 | साहिबजादा अजीत सिंह नगर | बनुड | तसुली (273) | 1533/1498/ 559/2/1 | चाही | निजी | 3 | 0.0126 |
| 40 | साहिबजादा अजीत सिंह नगर | बनुड | तसुली (273) | 1586/1497/ 559/1 | चाही | निजी | 3 | 0.0126 |
| 41 | साहिबजादा अजीत सिंह नगर | बनुड | तसुली (273) | 1587/ 559/1 | चाही | निजी | 4 | 0.0169 |
| 42 | साहिबजादा अजीत सिंह नगर | बनुड | तसुली (273) | 1588/ 1498/ 559/2/1 | चाही | निजी | 2 | 0.0084 |
| 43 | साहिबजादा अजीत सिंह नगर | बनुड | तसुली (273) | 1589/ 498/ 559/2/2 | चाही | निजी | 60 | 0.2529 |
| 44 | साहिबजादा अजीत सिंह नगर | बनुड | तसुली (273) | 620 | चाही | निजी | 10 | 0.0422 |
| 45 | साहिबजादा अजीत सिंह नगर | बनुड | तसुली (273) | 621 | चाही | निजी | 41 | 0.1728 |
| 46 | साहिबजादा अजीत सिंह नगर | बनुड | तसुली (273) | 623 | गैर मुमकिन | राजकीय | 1 | 0.0042 |
| 47 | साहिबजादा अजीत सिंह नगर | बनुड | तसुली (273) | 582 | चाही | निजी | 18 | 0.0759 |
| 48 | साहिबजादा अजीत सिंह नगर | बनुड | तसुली (273) | 612 | चाही | निजी | 3 | 0.0126 |
| 49 | साहिबजादा अजीत सिंह नगर | बनुड | तसुली (273) | 613/1 | चाही | निजी | 40 | 0.1686 |
| 50 | साहिबजादा अजीत सिंह नगर | बनुड | तसुली (273) | 613/2 | चाही | निजी | 40 | 0.1686 |
| 51 | साहिबजादा अजीत सिंह नगर | बनुड | तसुली (273) | 601 | चाही | निजी | 1 | 0.0042 |
| 52 | साहिबजादा अजीत सिंह नगर | बनुड | तसुली (273) | 484 | रोशली | राजकीय | 20 | 0.0843 |
| 53 | साहिबजादा अजीत सिंह नगर | बनुड | तसुली (273) | 484 min | बंजर,कदीम | राजकीय | 40 | 0.1686 |
| 54 | साहिबजादा अजीत सिंह नगर | बनुड | तसुली (273) | 484 min | बंजर,कदीम | राजकीय | 20 | 0.0843 |
| 55 | साहिबजादा अजीत सिंह नगर | बनुड | तसुली (273) | 607 | चाही | निजी | 12 | 0.0506 |
| 56 | साहिबजादा अजीत सिंह नगर | बनुड | तसुली (273) | 610 min | चाही | निजी | 16 | 0.0674 |
| 57 | साहिबजादा अजीत सिंह नगर | बनुड | तसुली (273) | 610 min | चाही | निजी | 72 | 0.3035 |
| 58 | साहिबजादा अजीत सिंह नगर | बनुड | तसुली (273) | 609 | चाही | निजी | 11 | 0.0464 |
| 59 | साहिबजादा अजीत सिंह नगर | बनुड | तसुली (273) | 1419/608 | चाही | निजी | 40 | 0.1686 |
| 60 | साहिबजादा अजीत सिंह नगर | बनुड | तसुली (273) | 1420/608 | चाही | निजी | 60 | 0.2529 |
| 61 | साहिबजादा अजीत सिंह नगर | बनुड | तसुली (273) | 472 min | चाही | निजी | 40 | 0.1686 |
| 62 | साहिबजादा अजीत सिंह नगर | बनुड | तसुली (273) | 472 min | चाही | निजी | 40 | 0.1686 |
| 63 | साहिबजादा अजीत सिंह नगर | बनुड | तसुली (273) | 471 min | चाही | निजी | 40 | 0.1686 |
| 64 | साहिबजादा अजीत सिंह नगर | बनुड | तसुली (273) | 471 min | चाही | निजी | 40 | 0.1686 |
| 65 | साहिबजादा अजीत सिंह नगर | बनुड | तसुली (273) | 485 | बंजर,कदीम | राजकीय | 31 | 0.1307 |
| 66 | साहिबजादा अजीत सिंह नगर | बनुड | तसुली (273) | 455 | चाही | निजी | 1 | 0.0042 |
| 67 | साहिबजादा अजीत सिंह नगर | बनुड | तसुली (273) | 461 | चाही | निजी | 32 | 0.1349 |
| 68 | साहिबजादा अजीत सिंह नगर | बनुड | तसुली (273) | 462 min | चाही | निजी | 40 | 0.1686 |
| 69 | साहिबजादा अजीत सिंह नगर | बनुड | तसुली (273) | 462 min | चाही | निजी | 40 | 0.1686 |
| 70 | साहिबजादा अजीत सिंह नगर | बनुड | तसुली (273) | 469 min | चाही | निजी | 40 | 0.1686 |
| 71 | साहिबजादा अजीत सिंह नगर | बनुड | तसुली (273) | 469 min | चाही | निजी | 40 | 0.1686 |
| 72 | साहिबजादा अजीत सिंह नगर | बनुड | तसुली (273) | 352 | चाही | निजी | 12 | 0.0506 |
| 73 | साहिबजादा अजीत सिंह नगर | बनुड | तसुली (273) | 454 | चाही | निजी | 50 | 0.2108 |
| 74 | साहिबजादा अजीत सिंह नगर | बनुड | तसुली (273) | 453 | चाही | निजी | 21 | 0.0885 |
| 75 | साहिबजादा अजीत सिंह नगर | बनुड | तसुली (273) | 358 | चाही | निजी | 38 | 0.1602 |
| 76 | साहिबजादा अजीत सिंह नगर | बनुड | तसुली (273) | 359 | चाही | निजी | 38 | 0.1602 |
| 77 | साहिबजादा अजीत सिंह नगर | बनुड | तसुली (273) | 357 | चाही | निजी | 3 | 0.0126 |
| 78 | साहिबजादा अजीत सिंह नगर | बनुड | तसुली (273) | 451 | चाही | निजी | 3 | 0.0126 |
| 79 | साहिबजादा अजीत सिंह नगर | बनुड | तसुली (273) | 368 | चाही | निजी | 23 | 0.0969 |
| 80 | साहिबजादा अजीत सिंह नगर | बनुड | तसुली (273) | 365 | गैर मुमकिन, चाही | निजी | 50 | 0.2108 |
| 81 | साहिबजादा अजीत सिंह नगर | बनुड | तसुली (273) | 1409/364 | चाही | निजी | 40 | 0.1686 |
| 82 | साहिबजादा अजीत सिंह नगर | बनुड | तसुली (273) | 1410/364 | चाही | निजी | 40 | 0.1686 |
| 83 | साहिबजादा अजीत सिंह नगर | बनुड | तसुली (273) | 230 | चाही | निजी | 8 | 0.0337 |
| 84 | साहिबजादा अजीत सिंह नगर | बनुड | तसुली (273) | 370 | चाही | निजी | 45 | 0.1897 |
| 85 | साहिबजादा अजीत सिंह नगर | बनुड | तसुली (273) | 1412/367 | चाही | निजी | 62 | 0.2613 |
